ਕ੍ਰਿਮੀਨਲ ਜਸਟਿਸ ਬਰਾਂਚ, ਮਿਨਿਸਟਰੀ ਆਫ਼ ਅਟਾਰਨੀ ਜਨਰਲ

# ਕਰਾਊਨ ਕਾਊਂਸਲ ਪਾਲਿਸੀ ਮੈਨੂਅਲ

| ARCS/ORCS ਫਾਈਲ ਨੰਬਰ: 56680-00 | ਲਾਗੂ ਮਿਤੀ: 9 ਮਾਰਚ, 2011 | ਪਾਲਿਸੀ ਕੋਡ: SPO 1 |
|---|---|---|
| ਵਿਸ਼ਾ: ਘਰੇਲੂ ਹਿੰਸਾ | | CROSS-REFERENCE: ALT 1 CHA 1 CHI 1 CRI 1 REC 1 RES 1 SEX 1 VIC 1 ਪ੍ਰੈਕਟਿਸ ਬੁਲੇਟਿਨ |

## ਪਾਲਿਸੀ

**ਸੁਪਰੀਮ ਕੋਰਟ ਆਫ਼ ਕੈਨੇਡਾ ਨੇ ਆਖਿਆ:**

> *ਘਰੇਲੂ ਹਿੰਸਾ ਦੇ ਦੁਖਾਂਤ ਦੀ ਗੰਭੀਰਤਾ, ਅਸਲ 'ਚ, ਮੁਸ਼ਕਿਲ ਨਾਲ ਹੀ ਵਧਾਅ ਚੜਾਅ ਕੇ ਕਹੀ ਜਾ ਸਕਦੀ ਹੈ। ਤਾਜ਼ਾ ਬੀਤੇ ਸਾਲਾਂ 'ਚ ਇਨ੍ਹਾਂ ਘਟਨਾਵਾਂ ਵੱਲ ਮੀਡੀਏ ਦੇ ਵਧੇਰੇ ਧਿਆਨ ਨੇ ਇਸ ਦੀ ਮੌਜੂਦਗੀ, ਅਤੇ ਜੀਵਨ ਦੇ ਹਰੇਕ ਖੇਤਰ ਵਿਚ ਔਰਤਾਂ 'ਤੇ ਇਸਦੇ ਡਰਾਉਣੇ ਪ੍ਰਭਾਵ, ਦੋਹਾਂ ਨੂੰ ਨੰਗਿਆਂ ਕੀਤਾ ਹੈ। (R. v. Lavallee [1990] 1 S.C.R. 852) (ਆਰ. ਵੀ. ਲਾਵਾਲੀ [1990] 1 ਐੱਸ. ਸੀ. ਆਰ. 852)*

**ਘਰੇਲੂ ਹਿੰਸਾ ਦੇ ਵੱਖਰੀ ਤਰ੍ਹਾਂ ਦੇ ਪ੍ਰਭਾਵ ਹਨ ਜਿਹੜੇ ਇਸਨੂੰ ਹੋਰ ਜ਼ੁਰਮਾਂ ਤੋਂ ਵੱਖਰਾ ਕਰਦੇ ਹਨ:**

- ਇਹ ਸਮਾਜ ਦੇ ਸਭ ਖੇਤਰਾਂ 'ਚ ਮੌਜੂਦ ਹੈ;
- ਸਰੀਰਕ, ਭਾਵਨਾਤਮਕ, ਮਾਨਸਿਕ ਤੇ ਵਿੱਤੀ ਪ੍ਰਭਾਵ ਦੇਰ ਤੱਕ ਰਹਿਣ ਵਾਲੇ ਹਨ, ਤੇ ਇਹ ਮਹਿੰਗਾ ਹੈ।[1];
- ਇਹ ਦੁਹਰਾਇਆ ਜਾਂਦਾ ਹੈ, ਜਿੰਨਾ ਚਿਰ ਤੱਕ ਦੁਰਾਚਾਰ ਦਾ ਚੱਕਰ ਕਿਸੇ ਬਾਹਰੀ ਕਾਰਕ ਦੁਆਰਾ ਰੋਕਿਆ ਨਹੀਂ ਜਾਂਦਾ, ਅਤੇ ਬਾਹਰੀ ਦਖਲ, ਮਿਸਾਲ ਵਜੋਂ ਪੁਲਿਸ ਜਾਂ ਅਦਾਲਤ ਦਾ ਦਖਲ,ਨਾਲ ਅਤੇ ਬਾਹਰੀ ਦਖਲ, ਮਿਸਾਲ ਵਜੋਂ ਪੁਲਿਸ ਜਾਂ ਅਦਾਲਤ ਦਾ ਦਖਲ, ਨਾਲ ਖਤਰਾ ਵਧ ਵੀ ਸਕਦਾ ਹੈ;
- ਸਰੀਰਕ ਤਸੀਹੇ ਝੱਲਣ ਵਾਲਾ ਵਿਅਕਤੀ ਅਕਸਰ ਅਪਰਾਧੀ ਨਾਲ ਵਿੱਤੀ ਅਤੇ ਭਾਵਨਾਤਮਕ ਪੱਧਰ 'ਤੇ ਇਸ ਤਰ੍ਹਾਂ ਨਾਲ ਜੁੜਿਆ ਹੁੰਦਾ ਹੈ ਕਿ ਅਪਰਾਧੀ 'ਤੇ ਲਾਈ ਗਈ ਕੋਈ ਵੀ ਬੰਦਸ਼ ਉਸਦੇ ਨਾਲ ਹੀ ਸ਼ਿਕਾਇਤ ਕਰਤਾ 'ਤੇ ਵੀ ਉਲਟ ਪ੍ਰਭਾਵ ਪਾ ਸਕਦੀ ਹੈ; ਅਤੇ
- ਹਿੰਸਾ ਦੀ ਮਾਤਰਾ ਘਾਤਕ ਹੋ ਸਕਦੀ ਹੈ: ਕੈਨੇਡਾ ਵਿਚ ਪੰਜ ਹੱਤਿਆਵਾਂ 'ਚੋਂ ਇਕ ਨਾਲ ਰਹਿਣ ਵਾਲੇ ਸਾਥੀ ਨੂੰ ਮਾਰਨ ਦੀ ਹੁੰਦੀ ਹੈ।[2]

---

1 Statistics Canada – Measuring Violence Against Women – Statistical Trends 2006, p. 34. (ਸਟੈਟਿਸਟਿਕਸ ਕੈਨੇਡਾ – ਮੀਜ਼ੁਰਿੰਗ ਵਾਇਓਲੈਂਸ ਅਗੇਂਸਟ ਵੂਮੈੱਨ – ਸਟੈਟਿਸਟੀਕਲ ਟਰੈਂਡਜ਼ 2006, ਸਫਾ 34)

2 Statistics Canada – Measuring Violence Against Women – Statistical Trends 2006, p. 21. (ਸਟੈਟਿਸਟਿਕਸ ਕੈਨੇਡਾ – ਮੀਜ਼ੁਰਿੰਗ ਵਾਇਓਲੈਂਸ ਅਗੇਂਸਟ ਵੂਮੈੱਨ – ਸਟੈਟਿਸਟੀਕਲ ਟਰੈਂਡਜ਼ 2006, ਸਫਾ 34)

ਕ੍ਰਿਮੀਨਲ ਜਸਟਿਸ ਬਰਾਂਚ ਮੰਨਦੀ ਹੈ ਕਿ ਘਰੇਲੂ ਹਿੰਸਾ ਇਕ ਬਹੁਤ ਗੰਭੀਰ ਤੇ ਜਟਿਲ ਸਮੱਸਿਆ ਨੂੰ ਜਨਮ ਦਿੰਦੀ ਹੈ ਜਿਸ ਲਈ ਵਿਸ਼ੇਸ਼ ਪ੍ਰਤਿਕਿਰਿਆ ਦੀ ਲੋੜ ਹੁੰਦੀ ਹੈ ਜਿਹੜੀ ਅਗੇਤੀ, ਤਾਲਮੇਲਯੁਕਤ ਅਤੇ ਜ਼ੋਰਦਾਰ ਹੋਵੇ।

ਬਰਾਂਚ ਇੰਨ੍ਹਾਂ ਕੇਸਾਂ 'ਚ ਆਪਣੀ ਕੇਂਦਰੀ ਭੂਮਿਕਾ ਨੂੰ ਸਮਝਦੀ ਹੈ ਅਤੇ ਇਹ ਨਿਆਂ ਪ੍ਰਬੰਧ ਦੇ ਆਪਣੇ ਦੂਸਰੇ ਭਾਈਵਾਲਾਂ ਨਾਲ ਅਸਰਦਾਰ ਤਰੀਕੇ ਅਤੇ ਮਿਲਵਰਤਨ ਸਹਿਤ ਕੰਮ ਕਰਨ ਲਈ ਪ੍ਰਤਿਬਧ ਹੈ।

## ਇਸ ਪਾਲਿਸੀ ਦਾ ਪ੍ਰਯੋਗ

ਇਹ ਪਾਲਿਸੀ ਹੇਠ ਲਿਖਿਆਂ ਅਨੁਸਾਰ ਲਾਗੂ ਹੁੰਦੀ ਹੈ:

ਘਰੇਲੂ ਹਿੰਸਾ ਅਪਰਾਧ ਨੂੰ ਸਰੀਰਕ ਜਾਂ ਜਿਨਸੀ ਹਮਲੇ ਜਾਂ ਸਰੀਰਕ ਜਾਂ ਜਿਨਸੀ ਹਮਲੇ ਦੀ ਧਮਕੀ ਵਜੋਂ ਪ੍ਰਭਾਸ਼ਿਤ ਕੀਤਾ ਜਾਂਦਾ ਹੈ, ਜੋ ਨਾਲ ਰਹਿਣ ਵਾਲੇ ਇਕ ਸਾਥੀ ਪ੍ਰਤਿ ਹੈ, ਜਿਸ ਦੀ ਪ੍ਰੀਭਾਸ਼ਾ ਉਸ ਵਿਅਕਤੀ ਵਜੋਂ ਹੈ, ਜਿਸ ਨਾਲ ਅਪਰਾਧੀ ਦਾ ਇਕ ਚੱਲ ਰਿਹਾ ਨਿਕਟ ਅਤੇ ਨਿੱਜੀ ਜਾਂ ਦਿਲੀ ਸਬੰਧ ਸੀ ਜਾਂ ਚੱਲ ਰਿਹਾ ਹੈ, ਭਾਵੇਂ ਉਹ ਹਮਲੇ ਸਮੇਂ ਜਾਂ ਹਮਲੇ ਦੀ ਧਮਕੀ ਸਮੇਂ ਕਾਨੂੰਨੀ ਤੌਰ 'ਤੇ ਵਿਆਹੇ ਹੋਣ ਜਾਂ ਇਕੱਠੇ ਰਹਿੰਦੇ ਹੋਣ ਜਾਂ ਨਾ। ਭਾਵੇਂ ਕਿ ਇਨ੍ਹਾਂ ਅਪਰਾਧਾਂ 'ਚੋਂ ਮਹੱਤਵਪੂਰਣ ਬਹੁਗਿਣਤੀ 'ਚ ਅਪਰਾਧ ਆਦਮੀਆਂ ਵੱਲੋਂ ਔਰਤਾਂ ਦੇ ਖਿਲਾਫ ਕੀਤੇ ਗਏ ਹੁੰਦੇ ਹਨ[3], ਪਰ ਕਾਨੂੰਨ ਅਤੇ ਪਾਲਿਸੀ ਦੇ ਪ੍ਰਯੋਗ ਦੇ ਮੰਤਵ ਲਈ ਦੋਸ਼ੀ ਅਤੇ ਪੀੜਤ ਵਿਅਕਤੀ ਦੇ ਲਿੰਗ ਜਾਂ ਲਿੰਗਕ ਰੁਚੀ ਦਾ ਕੋਈ ਸਬੰਧ ਨਹੀਂ।

ਕ੍ਰਿਮੀਨਲ ਜਸਟਿਸ ਬਰਾਂਚ ਘਰੇਲੂ ਹਿੰਸਾ ਵਾਲੇ ਸਾਰੇ ਕੇਸਾਂ ਨੂੰ "ਕੇ" ਫਾਈਲਾਂ ਵਜੋਂ ਸ਼੍ਰੇਣੀਗਤ ਕਰਦੀ ਹੈ। ਬਰਾਂਚ ਇਹ ਵੀ ਤਸਲੀਮ ਕਰਦੀ ਹੈ ਕਿ ਨੇੜਲੇ ਦਿਲੀ ਸਬੰਧਾਂ 'ਚ ਹਿੰਸਾ ਦੇ ਅਸਰ ਬੜੇ ਜਟਿੱਲ ਹੋ ਸਕਦੇ ਹਨ ਅਤੇ ਨਤੀਜੇ ਵਜੋਂ ਉਨ੍ਹਾਂ ਨੂੰ "ਕੇ" ਫਾਈਲ ਕੇਸਾਂ ਵਜੋਂ ਸ਼੍ਰੇਣੀਗਤ ਕਰਦੀ ਹੈ ਜਿੰਨ੍ਹਾਂ 'ਚ ਸਰੀਰਕ ਜਾਂ ਜਿਨਸੀ ਹਮਲੇ ਤੋਂ ਇਲਾਵਾ ਹੋਰ ਵੀ, ਜਿਵੇਂ ਕਿ ਮੁਜ਼ਰਮਾਨਾ ਪ੍ਰਕਾਰ ਦੀ ਪਰੇਸ਼ਾਨੀ, ਧਮਕੀ ਦੇਣੀ ਜਾਂ ਸ਼ਰਾਰਤ ਕਰਨੀ ਜਿਸ ਵਿਚ ਇਹ ਨਤੀਜਾ ਕੱਢਣ ਲਈ ਵਾਜਬ ਕਿਸਮ ਦਾ ਆਧਾਰ ਹੋਵੇ ਕਿ ਉਹ ਕਾਰਜ ਨੇੜਲੇ ਦਿਲੀ ਸਬੰਧਾਂ ਵਾਲੇ ਸਾਥੀ ਅੰਦਰ ਡਰ, ਸਦਮਾਂ, ਦੁੱਖ ਜਾਂ ਨੁਕਸਾਨ ਪੁਚਾਉਣ ਦੇ ਮੰਤਵ ਨਾਲ ਕੀਤਾ ਗਿਆ ਜਾਂ ਉਸਨੇ ਅਸਲ 'ਚ ਡਰ, ਸਦਮਾ, ਦੁੱਖ ਜਾਂ ਨੁਕਸਾਨ ਪੁਚਾਇਆ।

ਬਰਾਂਚ ਉਨ੍ਹਾਂ ਕੇਸਾਂ ਨੂੰ "ਕੇ" ਫਾਈਲ ਕੇਸਾਂ ਵਜੋਂ ਸ਼੍ਰੇਣੀਗਤ ਕਰਦੀ ਹੈ ਜਿੰਨ੍ਹਾਂ 'ਚ ਨੇੜਲੇ ਦਿਲੀ ਸਬੰਧਾਂ ਵਾਲਾ ਸਾਥੀ ਦੋਸ਼ੀ ਦੇ ਮੁਜ਼ਰਮਾਨਾ ਕਾਰਜ ਦਾ ਨਿਸ਼ਾਨਾ ਹੁੰਦਾ ਹੈ, ਭਾਵੇਂ ਕਿ ਉਹ ਸਿੱਧੇ ਰੂਪ 'ਚ ਪੀੜਤ ਨਹੀਂ ਹੁੰਦਾ, ਮਿਸਾਲ ਵਜੋਂ ਜਿੱਥੇ ਦੋਸ਼ੀ ਨੇ ਕਿਸੇ ਉਸ ਵਿਅਕਤੀ ਜਾਂ ਚੀਜ਼ ਦੇ ਖਿਲਾਫ ਅਪਰਾਧ ਕੀਤਾ ਹੋਵੇ ਜੋ ਉਸਦੇ ਨੇੜਲੇ ਦਿਲੀ ਸਾਥੀ ਲਈ ਮਹੱਤਵਪੂਰਨ ਹੋਵੇ ਜਿਵੇਂ ਕਿ ਉਸ ਨੇੜਲੇ ਸਾਥੀ ਦੇ ਬੱਚੇ ਜਾਂ ਉਸਦੇ ਹੁਣ ਨਵੇਂ ਸਾਥੀ 'ਤੇ ਹਮਲਾ ਕਰਨਾਂ।

ਬਰਾਂਚ ਉਨ੍ਹਾਂ ਨੂੰ ਵੀ "ਕੇ" ਫਾਈਲ ਕੇਸਾਂ ਵਜੋਂ ਸ਼੍ਰੇਣੀਗਤ ਕਰਦੀ ਹੈ ਜਿੱਥੇ ਚਾਰਜ "ਕੇ" ਫਾਈਲ ਕੇਸਾਂ 'ਤੇ ਦਿੱਤੇ ਗਏ ਅਦਾਲਤੀ ਹੁਕਮਾਂ ਦੀ ਉਲੰਘਣਾ ਕਰਨ ਅਤੇ ਉਪਰੋਕਤ ਨਾਲ ਸਬੰਧਤ ਸੈਕਸ਼ਨ 810 ਮੁਚੱਲਕਾ ਅਰਜ਼ੀਆਂ ਤੋਂ ਉਤਪੰਨ ਹੋਏ ਹੋਣ।

## ਚਾਰਜ ਮੁਲਾਂਕਣ

ਕਰਾਊਨ ਕਾਊਂਸਲ ਐਕਟ ਦੇ ਤਹਿਤ, ਜਦੋਂ ਪੁਲਿਸ ਕੋਲੋਂ ਸਰਕਾਰੀ ਵਕੀਲ ਨੂੰ ਰਿਪੋਰਟ ਪ੍ਰਾਪਤ ਹੋ ਜਾਂਦੀ ਹੈ ਤਾਂ ਫਿਰ ਪੈਰਵੀ ਬਾਰੇ ਫੈਸਲਾ ਕਰਨ ਲਈ ਸਰਕਾਰੀ ਵਕੀਲ ਜ਼ਿੰਮੇਵਾਰ ਹੁੰਦੇ ਹਨ। ਚਾਰਜ ਅਸੈੱਸਮੈਂਟ ਗਾਈਡਲਾਈਨਜ਼ – **CHA 1** ਪਾਲਿਸੀ ਮੰਗ ਕਰਦੀ ਹੈ ਕਿ ਸਰਕਾਰੀ ਵਕੀਲ ਕੇਸ ਨੂੰ ਪੈਰਵੀ ਦੇ ਹਰੇਕ ਪੜਾਅ 'ਤੇ ਰੱਖਕੇ ਪਰਖੇ ਅਤੇ ਫੈਸਲਾ ਕਰੇ ਕਿ ਕੀ ਦੋਸ਼ ਸਿੱਧ ਹੋਣ ਦੀ ਕਾਫੀ ਸੰਭਾਵਨਾ ਮੌਜੂਦ ਹੈ ਜਾਂ ਨਹੀਂ ਅਤੇ, ਜੇ ਹੈ ਤਾਂ ਕੀ ਜਨਤਕ ਹਿੱਤਾਂ 'ਚ ਪੈਰਵੀ ਕਰਨ ਦੀ ਜ਼ਰੂਰਤ ਹੈ? ਇਹ ਇਕੱਲਿਆਂ ਪੀੜਤ ਦੀ ਇੱਛਾ ਦੁਆਰਾ ਹੀ ਨਿਰਧਾਰਤ ਨਹੀਂ ਹੋ ਸਕਦਾ।

---

3 Statistics Canada – Family Violence in Canada: a Statistical Profile 2009, p. 25 (ਸਟੈਟਿਸਟਿਕਸ ਕੈਨੇਡਾ – ਫੈਮਿਲੀ ਵਾਇਓਲੈਂਸ ਇਨ ਕੈਨੇਡਾ: ਏ ਸਟੈਟਿਸਟੀਕਲ ਪ੍ਰੋਫਾਈਲ 2009, ਸਫਾ 25)

ਬਰਾਂਚ ਮੰਨਦੀ ਹੈ ਕਿ ਜਿੱਥੇ ਗਵਾਹੀਆਂ ਵਾਲੀ ਪਰਖ ਪੂਰੀ ਹੁੰਦੀ ਹੈ ਤਾਂ ਘਰੇਲੂ ਹਿੰਸਾ ਦੇ ਕੇਸਾਂ ਨੂੰ ਪੈਰਵੀ ਤੱਕ ਲਿਜਾਣਾ ਆਮ ਤੌਰ 'ਤੇ ਜਨਤਕ ਹਿੱਤਾਂ 'ਚ ਹੁੰਦਾ ਹੈ। ਪਾਲਿਸੀ CHA 1 ਦੱਸਦੀ ਹੈ ਕਿ ਜਿੱਥੇ ਪੀੜਤ ਵਿਅਕਤੀ ਕਮਜ਼ੋਰ ਧਿਰ ਹੋਵੇ, ਜਿਵੇਂ ਕਿ ਪਤੀ/ਪਤਨੀ ਤਾਂ ਕੇਸ ਨੂੰ ਪੈਰਵੀ ਤੱਕ ਲਿਜਾਣਾ ਆਮ ਤੌਰ 'ਤੇ ਜਨਤਕ ਹਿੱਤ 'ਚ ਹੁੰਦਾ ਹੈ।

ਪਾਲਿਸੀ CHA 1 ਇਕ ਘੱਟ ਪੱਧਰ ਦੀ ਗਵਾਹੀਆਂ ਵਾਲੀ ਪਰਖ ਬਾਰੇ ਵੀ ਦੱਸਦੀ ਹੈ ਜਿਸਦਾ ਘਰੇਲੂ ਹਿੰਸਾ ਦੇ ਕੁਝ ਖਾਸ ਕੇਸਾਂ 'ਚ ਪ੍ਰਯੋਗ ਕੀਤਾ ਜਾ ਸਕਦਾ ਹੈ:

> ਵਿਸ਼ੇਸ਼ ਪ੍ਰਸਥਿਤੀਆਂ 'ਚ ਇਹ ਜ਼ਰੂਰਤ ਹੋ ਸਕਦੀ ਹੈ ਕਿ ਕੇਸ ਪੈਰਵੀ ਤੱਕ ਲਿਜਾਇਆ ਜਾਵੇ ਭਾਵੇਂ ਕਿ ਗਵਾਹੀਆਂ ਵਾਲਾ ਆਮ ਟੈਸਟ ਤਸੱਲੀਬਖਸ਼ ਨਾ ਵੀ ਹੋਵੇ। ਵਿਸ਼ੇਸ਼ ਪ੍ਰਸਥਿਤੀਆਂ ਬਹੁਤੀ ਵਾਰੀ ਬਹੁਤ ਜ਼ਿਆਦਾ ਹਿੰਸਕ ਜਾਂ ਖਤਰਨਾਕ ਅਪਰਾਧੀਆਂ ਦੇ ਸਬੰਧ 'ਚ ਜਾਂ ਜਿੱਥੇ ਜਨਤਕ ਸੁਰੱਖਿਆ ਦਾ ਖਤਰਾ ਬਹੁਤ ਜ਼ਿਆਦਾ ਹੋਵੇ, ਉਦੋਂ ਉਤਪੰਨ ਹੁੰਦੀਆਂ ਹਨ। ਇੰਨ੍ਹਾਂ ਕੇਸਾਂ 'ਚ ਚਾਰਜ ਲਾਉਣ ਦੇ ਫੈਸਲੇ ਜ਼ਰੂਰੀ ਤੌਰ 'ਤੇ ਰਿਜਨਲ ਜਾਂ ਡਿਪਟੀ ਰਿਜਨਲ ਕਰਾਊਨ ਕਾਊਂਸਲ ਵੱਲੋਂ ਮਨਜ਼ੂਰ ਹੋਣੇ ਚਾਹੀਦੇ ਹਨ ਅਤੇ ਗਵਾਹੀਆਂ ਦਾ ਟੈਸਟ ਇਹੀ ਹੈ ਕਿ ਜੇਕਰ ਸਰਕਾਰੀ ਵਕੀਲ ਸੰਤੁਸ਼ਟ ਹੈ ਕਿ ਦੋਸ਼ ਸਿੱਧ ਹੋਣ ਦੀਆਂ ਵਾਜਬ ਸੰਭਾਵਨਾਵਾਂ ਮੌਜੂਦ ਹਨ।

ਸਰਕਾਰੀ ਵਕੀਲ ਨੂੰ ਉਹ ਗੱਲਾਂ ਧਿਆਨ 'ਚ ਰੱਖਣੀਆਂ ਚਾਹੀਦੀਆਂ ਹਨ ਜਿਹੜੀਆਂ ਘਰੇਲੂ ਹਿੰਸਾ ਦੇ ਮਾਮਲਿਆਂ 'ਚ ਅਕਸਰ ਮੌਜੂਦ ਹੁੰਦੀਆਂ ਹਨ ਅਤੇ ਮੰਨਣਾ ਚਾਹੀਦਾ ਹੈ ਕਿ ਪੀੜਤ ਵਿਅਕਤੀ 'ਤੇ ਕਈ ਪਾਸਿਆਂ ਤੋਂ ਪੈਰਵੀ ਨੂੰ ਸਹਿਯੋਗ ਨਾ ਦੇਣ ਲਈ ਦਬਾਅ ਪਾਇਆ ਜਾ ਸਕਦਾ ਹੈ। ਇਹ ਮਹੱਤਵਪੂਰਨ ਗੱਲ ਹੈ ਕਿ ਸਰਕਾਰੀ ਵਕੀਲ ਸ਼ਿਕਾਇਤਕਰਤਾ ਨੂੰ ਦੱਸ ਦੇਵੇ ਕਿ ਫੌਜਦਾਰੀ ਪੈਰਵੀ ਸ਼ੁਰੂ ਕਰਨ ਜਾਂ ਰੋਕ ਦੇਣ ਦਾ ਫੈਸਲਾ ਇਕੱਲੇ ਸਰਕਾਰੀ ਵਕੀਲ ਦਾ ਹੁੰਦਾ ਹੈ, ਜਿਸ ਨੂੰ ਜ਼ਰੂਰੀ ਤੌਰ 'ਤੇ ਗਵਾਹੀਆਂ ਦੀ ਉਪਲਬਧਤਾ ਅਤੇ ਜਨਤਕ ਹਿੱਤਾਂ ਦੇ ਆਧਾਰ 'ਤੇ ਸਿਧਾਂਤਕ ਫੈਸਲਾ ਲੈਣਾ ਪੈਂਦਾ ਹੈ।

ਸਰਕਾਰੀ ਵਕੀਲ ਨੂੰ, ਜਿੱਥੇ ਢੁਕਵਾਂ ਹੋਵੇ, *ਕ੍ਰਿਮੀਨਲ ਕੋਡ* ਦੀਆਂ ਹਮਲੇ ਵਾਲੀਆਂ ਧਾਰਾਵਾਂ ਤੋਂ ਹਟਕੇ ਹੋਰ ਸੈਕਸ਼ਨਾਂ ਤਹਿਤ ਵੀ ਚਾਰਜ ਲਾਉਣ 'ਤੇ ਵਿਚਾਰ ਕਰਨਾਂ ਚਾਹੀਦਾ ਹੈ। ਮਿਸਾਲ ਵਜੋਂ: ਮੁਜ਼ਰਮਾਨਾ ਪਰੇਸ਼ਾਨੀ, ਧਮਕੀ ਜਾਂ ਸ਼ਰਾਰਤ। ਇੱਥੇ ਇਹ ਅਪਰਾਧ ਘਰੇਲੂ ਹਿੰਸਾ ਦੇ ਸੰਚਾਲਕਾਂ ਦਾ ਇਕ ਹਿੱਸਾ ਹਨ, ਕਿਉਂਕਿ ਇਹ ਜੁਰਮ ਅਕਸਰ ਜਾਰੀ ਰਹਿੰਦੇ ਹਨ ਜਿੰਨ੍ਹਾਂ ਤੋਂ ਪੀੜਤ ਵਿਅਕਤੀ ਲਗਾਤਾਰ ਡਰ ਦੀ ਅਵਸਥਾ 'ਚ ਰਹਿੰਦਾ ਹੈ। ਇਸ ਦੀ ਪੈਰਵੀ 'ਚ ਜਨਤਕ ਹਿੱਤ ਸਪੱਸ਼ਟ ਹੈ। ਜਿੱਥੇ ਸਰਕਾਰੀ ਵਕੀਲ ਨਿਰਧਾਰਤ ਕਰੇ ਕਿ ਸ਼ਿਕਾਇਤਕਰਤਾ ਨੂੰ ਧਮਕੀਆਂ ਮਿਲਦੀਆਂ ਰਹੀਆਂ ਜਾਂ ਛੇੜਿਆ ਜਾਂਦਾ ਰਿਹਾ ਹੈ ਤਾਂ ਮਾਮਲਾ ਪੁਲਿਸ ਨੂੰ ਜਾਂਚ ਪੜਤਾਲ ਕਰਨ ਜਾਂ ਮੁੜ-ਗ੍ਰਿਫਤਾਰੀ ਕਰਨ ਵਾਸਤੇ ਵਾਪਸ ਭੇਜਿਆ ਜਾਣਾ ਚਾਹੀਦਾ ਹੈ। ਹਿੰਸਾ ਅਤੇ ਡਰਾਉਣ ਧਮਕਾਉਣ ਦੇ ਮੁੜ ਮੁੜ ਵਾਪਰਨ ਨੂੰ ਰੋਕਣ ਦੇ ਯਤਨ ਵਜੋਂ ਮੁਢਲੇ ਅਤੇ ਉਲੰਘਣਾ ਕਰਨ ਦੇ ਢੁੱਕਵੇਂ ਚਾਰਜ ਲਾਉਣੇ ਜ਼ਰੂਰੀ ਹਨ। ਮੁਜ਼ਰਮਾਨਾ ਪਰੇਸ਼ਾਨੀ ਬਾਰੇ ਬਰਾਂਚ ਦੀ ਪਾਲਿਸੀ – CRI 1 ਵੇਖੋ।

ਕਿਉਂਕਿ ਅਦਾਲਤ ਦੇ ਹੁਕਮ ਦੀ ਉਲੰਘਣਾ ਭਵਿੱਖ ਦੀ ਹਿੰਸਾ ਲਈ ਇਕ ਪਛਾਣਿਆ ਖਤਰਾ ਮੰਨਿਆ ਜਾਂਦਾ ਹੈ, ਸਰਕਾਰੀ ਵਕੀਲ ਲਈ ਜ਼ਮਾਨਤ ਅਤੇ ਪ੍ਰੋਬੇਸ਼ਨ ਦੇ ਹੁਕਮਾਂ ਦੀ ਉਲੰਘਣਾ ਕਰਨ ਦੇ ਚਾਰਜ, ਜਿੱਥੇ ਢੁਕਵੇਂ ਹੋਣ, ਲਾਉਣ ਬਾਰੇ ਵਿਚਾਰ ਕਰਨਾਂ ਮਹੱਤਵਪੂਰਨ ਹੈ। ਆਮ ਗੱਲ ਕਰਦਿਆਂ, ਇੰਨ੍ਹਾਂ ਚਾਰਜਾਂ 'ਤੇ ਅਗਲੀ ਕਾਰਵਾਈ ਹੋਣੀ ਚਾਹੀਦੀ ਹੈ, ਵਿਸ਼ੇਸ਼ ਕਰਕੇ ਪਛਾਣੇ ਖਤਰੇ ਵਾਲੀਆਂ ਸਥਿਤੀਆਂ 'ਚ, ਭਾਵੇਂ ਮੁਢਲੇ ਇਲਜ਼ਾਮ ਅੱਗੇ ਨਾ ਵੀ ਚਲੇ ਹੋਣ। ਉਲੰਘਣਾ ਕਰਨ ਦਾ ਦੋਸ਼ ਸਿੱਧ ਹੋਣਾ ਵੀ ਉਸ ਕਿਸਮ ਦੇ ਪ੍ਰੋਗਰਾਮਾਂ ਨੂੰ ਪ੍ਰਭਾਵਤ ਕਰੇਗਾ ਜਿਹੜੇ ਕੁਰੈਕਸ਼ਨਜ਼ ਬਰਾਂਚ ਮੁਹੱਈਆ ਕਰ ਸਕਦੀ ਹੈ,ਨਾਲ ਹੀ ਇਹ ਭਵਿੱਖ ਦੀਆਂ ਜ਼ਮਾਨਤ ਤੇ ਸਜ਼ਾ ਸੁਣਾਉਣ ਦੀਆਂ ਸੁਣਵਾਈਆਂ ਨੂੰ ਵੀ ਪ੍ਰਭਾਵਤ ਕਰਨਗੀਆਂ।

ਟਾਵੇਂ ਕੇਸਾਂ 'ਚ ਅਦਾਲਤੀ ਹੁਕਮਾਂ ਦੀ ਤਾਮੀਲ ਨਾ ਕਰਨ ਬਦਲੇ *ਫੈਮਿਲੀ ਰਿਲੇਸ਼ਨਜ਼ ਐਕਟ* ਦੇ ਤਹਿਤ ਚਾਰਜ ਲਾਉਣੇ ਢੁਕਵੇਂ ਹੋ ਸਕਦੇ ਹਨ, ਜਿੱਥੇ ਕਥਿਤ ਤਾਮੀਲ ਨਾ ਕਰਨਾ ਪੀੜਤ ਵਿਅਕਤੀ ਜਾਂ ਉਸਦੇ ਬੱਚਿਆਂ ਦੀ ਸੁਰੱਖਿਆ ਨਾਲ ਸਬੰਧਤ ਸਮੱਸਿਆਵਾਂ ਪੈਦਾ ਕਰੇ ਤੇ ਜਿੱਥੇ *ਕ੍ਰਿਮੀਨਲ ਕੋਡ* ਦੇ ਤਹਿਤ ਸਬੰਧਤ ਚਾਰਜ ਨਾ ਲਾਉਣ ਦਾ ਫੈਸਲਾ ਕਰ

ਲਿਆ ਗਿਆ ਹੋਵੇ।

ਪੀੜਤ ਵਿਅਕਤੀ ਅਤੇ ਪੀੜਤ ਦੇ ਪਰਿਵਾਰ ਦੀ ਸੁਰੱਖਿਆ ਹਮੇਸ਼ਾਂ ਕ੍ਰਿਮੀਨਲ ਬਰਾਂਚ ਲਈ ਫਿਕਰ ਦੀ ਗੱਲ ਰਹਿੰਦੀ ਹੈ। ਇਸ ਲਈ ਜਿੱਥੇ ਚਾਰਜ ਨਾ ਲਾਉਣ ਦਾ ਫੈਸਲਾ ਕੀਤਾ ਗਿਆ ਹੋਵੇ ਜਾਂ ਜਿੱਥੇ ਪੈਰਵੀ ਨੂੰ ਰੋਕ ਦੇਣਾ ਢੁਕਵਾਂ ਬਣਦਾ ਹੋਵੇ, ਉਥੇ ਸਰਕਾਰੀ ਵਕੀਲ ਨੂੰ ਵਿਚਾਰਨਾਂ ਚਾਹੀਦਾ ਹੈ ਕਿ ਜੇਕਰ ਪੀੜਤ ਵਿਅਕਤੀ ਜਾਂ ਉਸਦੇ ਪਰਿਵਾਰ ਦੀ ਸੁਰੱਖਿਆ ਲਈ *ਕ੍ਰਿਮੀਨਲ ਕੋਡ* ਦੇ ਸੈਕਸ਼ਨ 810 ਤਹਿਤ ਮੁਚੱਲਕੇ ਦੀ ਅਰਜ਼ੀ ਦੇਣ ਦੀ ਜ਼ਰੂਰਤ ਹੈ, ਇੰਨ੍ਹਾਂ ਅਰਜ਼ੀਆਂ ਦੀ ਸੰਭਾਵਤ ਪ੍ਰਕਿਰਤੀ ਨੂੰ ਧਿਆਨ 'ਚ ਰੱਖਦਿਆਂ ਅਤੇ ਇਹ ਧਿਆਨ 'ਚ ਰੱਖਦਿਆਂ ਕਿ ਸਬੂਤ ਇੰਨ੍ਹਾਂ ਸੰਭਾਵਨਾਵਾਂ ਵੱਲ ਨੂੰ ਝੁਕਾਅ ਰੱਖਦਾ ਹੈ ਕਿ ਦੋਸ਼ੀ ਪੀੜਤ ਵਿਅਕਤੀ ਨੂੰ ਨਿੱਜੀ ਸੱਟ ਫੇਟ ਮਾਰੇਗਾ ਜਾਂ ਪੀੜਤ ਵਿਅਕਤੀ ਦੀ ਜਾਇਦਾਦ ਦਾ ਨੁਕਸਾਨ ਕਰੇਗਾ। ਸਰਕਾਰੀ ਵਕੀਲ ਨੂੰ ਵਿਚਾਰ ਲੈਣਾ ਚਾਹੀਦਾ ਹੈ ਕਿ ਜੇਕਰ ਕੁਰੈਕਸ਼ਨਜ਼ ਬਰਾਂਚ ਵੱਲੋਂ ਚਲਾਇਆ ਜਾਂਦਾ ਨਿਗਰਾਨੀ ਦਾ ਪ੍ਰੋਗਰਾਮ ਜਿਹੜਾ ਵਿਸ਼ੇਸ਼ ਤੌਰ 'ਤੇ ਘਰੇਲੂ ਹਿੰਸਾ ਦੇ ਅਪਰਾਧੀਆਂ 'ਤੇ ਕੇਂਦਰਿਤ ਹੈ, ਜਿਸਨੂੰ "ਦਿ ਰਿਲੇਸ਼ਨਸ਼ਿੱਪ ਵਾਇਓਲੈਂਸ ਪ੍ਰੀਵੈਂਸ਼ਨ ਪ੍ਰੋਗਰਾਮ" ਆਖਦੇ ਹਨ, ਮੁਚੱਲਕੇ ਦੀ ਇਕ ਸ਼ਰਤ ਵਜੋਂ ਢੁਕਵਾਂ ਹੈ ਅਤੇ ਸ਼ਾਂਤੀ ਰੱਖਣ ਲਈ ਮੁਚੱਲਕੇ ਰਿਕੌਗਨੀਜ਼ੈਂਸਜ਼ ਟੂ ਕੀਪ ਦਿ ਪੀਸ ਬਾਰੇ ਬਰਾਂਚ ਪਾਲਿਸੀ 'ਚ ਦਿੱਤੀਆਂ ਗਈਆਂ ਗਾਈਡਲਾਈਨਾਂ ਵਿਚਾਰ ਲੈਣੀਆਂ ਚਾਹੀਦੀਆਂ ਹਨ। ਸੈਕਸ਼ਨ 810 *ਕ੍ਰਿਮੀਨਲ ਕੋਡ* **REC 1** ਕੁਰੈਕਸ਼ਨਜ਼ ਪ੍ਰੋਗਰਾਮ ਦਾ ਵਧੇਰੇ ਵਿਸਥਾਰ ਅੰਤਿਕਾ 'ਏ' 'ਚ ਦਿੱਤਾ ਗਿਆ ਹੈ।

ਅਜਿਹੇ ਹਾਲਾਤ 'ਚ ਜਿੱਥੇ ਇਹ ਕਥਿਤ ਹੋਵੇ ਕਿ ਪ੍ਰਸਪਰ ਹਿੰਸਾ ਵਾਪਰੀ ਹੈ, ਪ੍ਰਸਪਰ ਮੁਚੱਲਕੇ ਟਾਵੇਂ ਟਾਵੇਂ ਹੀ ਢੁਕਵੇਂ ਹੁੰਦੇ ਹਨ, ਅਤੇ ਇੱਕੋ ਉਸੇ ਹੀ ਘਟਨਾ 'ਚੋਂ ਪੈਦਾ ਹੋਏ ਪ੍ਰਸਾਰ ਚਾਰਜ ਟਾਵੇਂ ਟਾਵੇਂ ਹੀ ਮਨਜ਼ੂਰ ਹੋਣੇ ਚਾਹੀਦੇ ਹਨ। ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਸਰਕਾਰੀ ਵਕੀਲ ਜ਼ਿਆਦਾ ਸਾਵਧਾਨੀ ਵਰਤੇ ਅਤੇ ਹੇਠ ਲਿਖੇ 'ਤੇ ਧਿਆਨ ਕੇਂਦਰਿਤ ਕਰੇ:

- ਇਹ ਨਿਰਧਾਰਤ ਕਰਨਾ ਕਿ ਪਹਿਲ ਕਰਨ ਵਾਲਾ ਜ਼ਿਆਦਾ ਝਗੜਾਲੂ ਕੌਣ ਹੈ? (ਇਸਨੂੰ ਮੁਢਲਾ ਜਾਂ ਹਾਵੀ ਹਮਲਾਵਰ ਵੀ ਕਿਹਾ ਜਾਂਦਾ ਹੈ)

- ਹਮਲੇ ਨੂੰ ਬਚਾਉ ਲਈ ਸਵੈ-ਰੱਖਿਆ ਜਾਂ ਸਹਿਮਤੀ ਨਾਲ ਲੜਾਈ ਨਾਲੋਂ ਅੱਡ ਸਮਝਣਾ।

ਪਾਲਿਸੀ **CHA 1** ਸਰਕਾਰੀ ਵਕੀਲ ਕੋਲੋਂ ਮੰਗ ਕਰਦੀ ਹੈ ਕਿ ਉਹ "ਕਿਸੇ ਵੀ ਉਸ ਚਾਰਜ ਮੁਲਾਂਕਣ ਫੈਸਲੇ ਦੇ ਕਾਰਨਾਂ ਨੂੰ ਰਿਕਾਰਡ ਕਰੇ ਜਿਹੜਾ ਸਰਕਾਰੀ ਵਕੀਲ ਨੂੰ ਭੇਜੀ ਪੁਲਿਸ ਰਿਪੋਰਟ, ਰਿਪੋਰਟ ਟੂ ਕਰਾਊਨ ਕਾਊਂਸਲ ਵਿਚਲੀਆਂ ਪੁਲਿਸ ਦੀਆਂ ਸਿਫਾਰਸ਼ਾਂ ਤੋਂ ਵੱਖਰਾ ਹੁੰਦਾ ਹੈ।"

<u>ਜ਼ਮਾਨਤ</u>

ਘਰੇਲੂ ਹਿੰਸਾ ਦੇ ਕੇਸਾਂ 'ਚ ਨਿਹਿਤ ਸੰਭਾਵੀ ਖਤਰੇ ਨੂੰ ਮੰਨਦਿਆਂ ਹੋਇਆਂ ਪੀੜਤ ਵਿਅਕਤੀਆਂ ਨੂੰ ਵਧੇਰੇ ਸੁਰੱਖਿਆ ਪ੍ਰਦਾਨ ਕਰਨ ਲਈ ਘਰੇਲੂ ਹਿੰਸਾ ਲਈ ਵਿਸ਼ੇਸ਼ ਤੌਰ 'ਤੇ ਜ਼ਮਾਨਤ ਦੀਆਂ ਮਿਆਰੀ ਸ਼ਰਤਾਂ ਤਿਆਰ ਕੀਤੀਆਂ ਗਈਆਂ ਹਨ। ਇਹ ਸ਼ਰਤਾਂ "ਬੈਸਟ ਪ੍ਰੈਕਟਿਸਜ਼ ਐਂਡ ਪ੍ਰਿੰਸੀਪਲਜ਼ ਫਾਰ ਕੰਡੀਸ਼ਨਜ਼ ਆਫ਼ ਕਮਿਊਨਿਟੀ ਸੁਪਰਵਿਜ਼ਨ ਫਾਰ ਡੂਮੈਸਟਿਕ ਵਾਇਓਲੈਂਸ", ਅੰਤਿਕਾ 'ਬੀ' ਵਜੋਂ ਨਾਲ ਨੱਥੀ ਕੀਤੀਆਂ ਗਈਆਂ ਹਨ। ਹਰੇਕ ਕੇਸ ਵਿਚ, ਜਿੱਥੇ ਮੁਨਾਸਿਬ ਹੋਵੇ, ਰਿਹਾਈ ਲਈ ਸ਼ਰਤਾਂ ਤਿਆਰ ਕਰਨ 'ਚ ਸਰਕਾਰੀ ਵਕੀਲ ਦੀ ਮਦਦ ਲਈ ਜ਼ਮਾਨਤ ਦੀਆਂ ਮਿਥੀਆਂ ਸ਼ਰਤਾਂ 'ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ। ਸਰਕਾਰੀ ਵਕੀਲ ਨੂੰ ਅਸਲਾ ਅਤੇ ਹੋਰ ਹਥਿਆਰਾਂ ਨੂੰ ਰੱਖਣ ਜਾਂ ਸਪੁਰਦ ਕਰ ਦੇਣ ਦੇ ਸਬੰਧ 'ਚ ਸੁਣਾਈਆਂ ਗਈਆਂ ਸ਼ਰਤਾਂ ਬਾਰੇ ਵਿਸ਼ੇਸ਼ ਤੌਰ 'ਤੇ ਧਿਆਨ ਰੱਖਣਾ ਚਾਹੀਦਾ ਹੈ।

ਜ਼ਮਾਨਤ ਦੇ ਸਬੰਧ 'ਚ ਆਪਣੀ ਸਥਿਤੀ ਬਣਾਉਂਦਿਆਂ ਹੋਇਆਂ ਸਰਕਾਰੀ ਵਕੀਲ ਨੂੰ ਪੀੜਤ ਵਿਅਕਤੀ ਅਤੇ ਉਸਦੇ ਹੋਰ ਪਰਿਵਾਰਕ ਮੈਂਬਰਾਂ, ਵਿਸ਼ੇਸ਼ ਕਰਕੇ ਬੱਚਿਆਂ ਦੀ ਸੁਰੱਖਿਆ ਦਾ ਵਿਸ਼ੇਸ਼ ਸਤਿਕਾਰ ਕਰਨਾ ਚਾਹੀਦਾ ਹੈ ਅਤੇ ਦੋਸ਼ੀ ਵੱਲੋਂ ਮਹਿਸੂਸ ਹੁੰਦੇ ਖਤਰਿਆਂ ਨਾਲ ਸਬੰਧਤ ਸਾਰੀ ਉਪਲਬਧ ਜਾਣਕਾਰੀ ਬਾਰੇ ਜ਼ਰੂਰੀ ਤੌਰ 'ਤੇ ਵਿਚਾਰ ਕਰਨਾ ਚਾਹੀਦਾ ਹੈ। ਜਦੋਂ ਸਰਕਾਰੀ ਵਕੀਲ ਕੋਲ ਇਹ ਵਿਸ਼ਵਾਸ਼ ਕਰਨ ਲਈ ਕਾਰਨ ਹੋਵੇ ਕਿ ਹੋਰ ਸਬੰਧਤ ਜਾਣਕਾਰੀ

ਉਪਲਬਧ ਹੈ ਤਾਂ ਉਨ੍ਹਾਂ ਨੂੰ ਜ਼ਮਾਨਤ ਦੀ ਸੁਣਵਾਈ ਵੇਲੇ ਕੋਈ ਅਰਜ਼ੀ ਦਾਖਲ ਕਰਨ ਤੋਂ ਪਹਿਲਾਂ ਪੁਲਿਸ ਕੋਲੋਂ ਇਹ ਲੈਣ ਵਾਸਤੇ ਬੇਨਤੀ ਕਰਨੀ ਚਾਹੀਦੀ ਹੈ ਅਤੇ ਜੇਕਰ ਜ਼ਰੂਰੀ ਹੋਵੇ ਤਾਂ ਰਿਮਾਂਡ ਵਾਸਤੇ ਆਖਣਾ ਚਾਹੀਦਾ ਹੈ।

ਅਪਰਾਧੀ ਲਈ ਨਜ਼ਰਬੰਦੀ ਦਾ ਹੁਕਮ ਲੈ ਕੇ ਜਾਂ ਉਸਦੀ ਰਿਹਾਈ 'ਤੇ ਸ਼ਰਤਾਂ ਲਗਵਾ ਕੇ ਉਦੋਂ ਗੈਰ-ਤਸਦੀਕ ਵਾਰੰਟ ਪ੍ਰਾਪਤ ਕੀਤੇ ਜਾਣੇ ਚਾਹੀਦੇ ਹਨ ਜਦੋਂ ਪੀੜਤ ਵਿਅਕਤੀ ਜਾਂ ਹੋਰ ਸੰਭਾਵੀ ਪੀੜਤ ਵਿਅਕਤੀਆਂ ਨੂੰ ਸੁਰੱਖਿਆ ਦੇਣੀ ਜ਼ਰੂਰੀ ਹੋਵੇ। ਜੇ ਇਹ ਸੰਭਾਵਨਾਂ ਹੋਵੇ ਕਿ ਪੁਲਿਸ ਨੂੰ ਦੋਸ਼ੀ ਦੀ ਜ਼ਮਾਨਤ ਜਾਂ ਹਿਰਾਸਤ ਦੇ ਰਿਮਾਂਡ ਦੇ ਕੰਮ ਦਾ ਦਫ਼ਤਰ ਦੇ ਸਮੇਂ ਤੋਂ ਬਾਦ ਜਸਟਿਸ ਸੈਂਟਰ ਨਾਲ ਨਿਪਟਾਰਾ ਕਰਨਾਂ ਪੈ ਸਕਦਾ ਹੈ ਤਾਂ ਸਰਕਾਰੀ ਵਕੀਲ ਨੂੰ ਚਾਹੀਦਾ ਹੈ ਕਿ ਉਹ ਰਿਹਾਈ ਦੀਆਂ ਸੁਝਾਈਆਂ ਸ਼ਰਤਾਂ ਜਾਂ ਰਿਮਾਂਡ ਪ੍ਰਾਪਤੀ ਨੂੰ ਸਪੱਸ਼ਟ ਕਰਨ ਲਈ ਕਾਰਨ ਪੁਲਿਸ ਨੂੰ ਮੁਹੱਈਆ ਕਰੇ।

ਜਿੱਥੇ ਇਕ ਦੋਸ਼ੀ ਨੂੰ ਪੁਲਿਸ ਵੱਲੋਂ ਗ੍ਰਿਫਤਾਰ ਕੀਤਾ ਗਿਆ ਹੋਵੇ ਅਤੇ ਫਿਰ ਹਾਜ਼ਰ ਹੋਣ ਜਾਂ ਸ਼ਰਤਾਂ ਸਹਿਤ ਮੁਚੱਲਕੇ 'ਤੇ ਛੱਡ ਦਿੱਤਾ ਗਿਆ ਹੋਵੇ, ਉੱਥੇ ਸਕਰਾਰੀ ਵਕੀਲ ਨੂੰ ਚਾਹੀਦਾ ਹੈ ਕਿ ਉਹ ਇਹ ਯਕੀਨੀ ਬਣਾਉਣ ਲਈ ਸ਼ਰਤਾਂ ਦਾ ਪੁਨਰ ਮੁਲਾਂਕਣ ਕਰੇ ਕਿ ਉਹ ਪੀੜਤ ਵਿਅਕਤੀ ਦੀ ਸੁਰੱਖਿਆ ਲਈ ਕਾਫੀ ਹਨ ਅਤੇ ਲਾਗੂ ਕਰਨ ਯੋਗ ਹਨ। ਜਿੱਥੇ ਸਰਕਾਰੀ ਵਕੀਲ ਇਹ ਫੈਸਲਾ ਕਰਦਾ ਹੈ ਕਿ ਰਿਹਾਈ ਦੀਆਂ ਸ਼ਰਤਾਂ ਜਾਂ ਤਾਂ ਲਾਗੂ ਕਰਨ ਯੋਗ ਨਹੀਂ ਜਾਂ ਪੀੜਤ ਵਿਅਕਤੀ ਜਾਂ ਪੀੜਤ ਦੇ ਪਰਿਵਾਰ ਨੂੰ ਸੁਰੱਖਿਆ ਦੇਣ ਲਈ ਕਾਫੀ ਨਹੀਂ, ਉੱਥੇ ਸਰਕਾਰੀ ਵਕੀਲ ਨੂੰ, ਜੇਕਰ ਜ਼ਰੂਰੀ ਹੋਵੇ, *ਕ੍ਰਿਮੀਨਲ ਕੋਡ* ਦੇ ਸੈਕਸ਼ਨ 499(4), 503(2.3) ਜਾਂ 512 ਤਹਿਤ ਵਾਰੰਟ ਅਤੇ ਸ਼ਰਤਾਂ 'ਚ ਸੋਧ ਵਾਸਤੇ ਬੇਨਤੀ ਕਰਨੀ ਚਾਹੀਦੀ ਹੈ।

ਜਿੱਥੇ ਦੋਸ਼ੀ ਪਹਿਲੀ ਪੇਸ਼ੀ ਤੋਂ ਪਹਿਲਾਂ ਪੁਲਿਸ ਵੱਲੋਂ ਹੁਕਮ ਕੀਤੀਆਂ ਸ਼ਰਤਾਂ ਦੇ ਪੁਨਰ-ਮੁਲਾਂਕਣ ਵਾਸਤੇ ਆਖਦਾ ਹੈ, ਉਥੇ ਸਰਕਾਰੀ ਵਕੀਲ ਨੂੰ ਪੁਨਰ-ਮੁਲਾਂਕਣ ਦੀ ਉਸਦੀ ਬੇਨਤੀ ਦੇ ਸਬੰਧ 'ਚ ਆਪਣੀ ਪੁਜ਼ੀਸ਼ਨ ਬਣਾਉਂਣ ਤੋਂ ਪਹਿਲਾਂ ਪੁਲਿਸ ਨਾਲ ਸੰਪਰਕ ਕਰਨਾ ਚਾਹੀਦਾ ਹੈ ਅਤੇ ਪੁਲਿਸ ਕੋਲੋਂ ਰਿਪੋਰਟ ਟੂ ਕਰਾਊਨ ਕਾਊਂਸਲ ਪ੍ਰਾਪਤ ਕਰ ਲੈਣੀ ਚਾਹੀਦੀ ਹੈ।

ਜੇਕਰ ਪੀੜਤ ਵਿਅਕਤੀ ਜ਼ਮਾਨਤ ਦੀ "ਸੰਪਰਕ ਨਾ ਕਰਨ" ਦੀ ਸ਼ਰਤ ਨੂੰ ਹਟਾਉਣ ਵਾਸਤੇ ਬੇਨਤੀ ਕਰਦਾ ਹੈ ਜਿਹੜੀ ਦੋਸ਼ੀ ਨਾਲ ਸੰਪਰਕ ਕਰਨ ਤੋਂ ਵਰਜ਼ਦੀ ਹੈ ਤਾਂ ਸਰਕਾਰੀ ਵਕੀਲ ਨੂੰ ਦੋਸ਼ੀ ਅਤੇ ਪੀੜਤ ਵਿਅਕਤੀ ਦਰਮਿਆਨ ਸਬੰਧਾਂ ਦੇ ਇਤਿਹਾਸ ਬਾਰੇ ਅਤੇ ਦੋਸ਼ੀ ਦੇ ਪਿਛੋਕੜ ਬਾਰੇ ਵੀ ਵਧੇਰੇ ਜਾਣਕਾਰੀ ਪ੍ਰਾਪਤ ਕਰਨੀ ਚਾਹੀਦੀ ਹੈ। ਜੇਕਰ ਉੱਥੇ ਦੁਰਵਿਹਾਰ ਦਾ ਪਿਛੋਕੜ ਹੈ ਜਾਂ ਸੰਕੇਤ ਮੌਜ਼ੂਦ ਹਨ ਕਿ ਪੀੜਤ ਵਿਅਕਤੀ ਨੂੰ ਖਤਰਾ ਹੋ ਸਕਦਾ ਹੈ ਤਾਂ ਆਮ ਤੌਰ 'ਤੇ ਸਰਕਾਰੀ ਵਕੀਲ ਲਈ ਜ਼ਮਾਨਤ ਦੀਆਂ ਸ਼ਰਤਾਂ ਦੇ ਪੁਨਰ-ਮਲਾਂਕਣ ਬਾਰੇ ਸਹਿਮਤੀ ਦੇਣਾ ਢੁਕਵਾਂ ਨਹੀਂ ਹੁੰਦਾ।

ਸਰਕਾਰੀ ਵਕੀਲ ਨੂੰ ਭੇਜੀ ਗਈ ਰਿਪੋਰਟ, ਦਿ ਰਿਪੋਰਟ ਟੂ ਕਰਾਊਨ ਕਾਊਂਸਲ 'ਚ ਦੋਸ਼ੀ ਨੂੰ ਪ੍ਰਭਾਵਤ ਕਰਨ ਵਾਲੇ ਕਿਸੇ ਵੀ ਹੋਰ ਅਦਾਲਤੀ ਹੁਕਮਾਂ ਬਾਰੇ, ਵਿਆਹੁਤਾ, ਬੱਚੇ ਦੀ ਕਸਟਡੀ ਤੇ ਮਿਲਣ ਲਈ ਪਹੁੰਚ ਜਾਂ ਚਾਈਲਡ ਵੈਲਫੇਅਰ ਨਾਲ ਸਬੰਧਤ ਹੁਕਮਾਂ ਸਮੇਤ, ਜਾਣਕਾਰੀ ਹੋਣੀ ਚਾਹੀਦੀ ਹੈ। ਸਰਕਾਰੀ ਵਕੀਲ ਨੂੰ ਉਨ੍ਹਾਂ ਹੁਕਮਾਂ ਦੇ ਸਬੰਧਾਂ 'ਚ ਪ੍ਰਸੰਗਿਕ ਜਾਣਕਾਰੀ ਅਦਾਲਤ ਨੂੰ ਮੁਹੱਈਆ ਕਰਨੀ ਚਾਹੀਦੀ ਹੈ ਤਾਂ ਕਿ ਜ਼ਮਾਨਤ ਦੀ ਸੁਣਵਾਈ ਵੇਲੇ ਹੁਕਮ ਕੀਤੀਆਂ ਰਿਹਾਈ ਦੀਆਂ ਕੋਈ ਸ਼ਰਤਾਂ ਦੀ ਉਨ੍ਹਾਂ ਹੁਕਮਾਂ ਨਾਲ ਟਕਰਾਉ 'ਚ ਆਉਣ ਦੀ ਸੰਭਾਵਨਾ ਘੱਟ ਤੋਂ ਘੱਟ ਰਹੇ।

ਜਿੱਥੇ ਸਰਕਾਰੀ ਵਕੀਲ ਕੋਲ ਉਪਲਬਧ ਗਵਾਹੀ ਦੇ ਨਿਰਪੱਖ ਮੁਲਾਂਕਣ ਦੇ ਆਧਾਰ 'ਤੇ ਇਹ ਨਤੀਜਾ ਕੱਢਣ ਲਈ ਕਾਰਨ ਮੌਜੂਦ ਹੋਣ ਕਿ ਬਹੁਤ ਸਾਰੀ ਸੰਭਾਵਨਾਂ ਮੌਜੂਦ ਹੈ ਕਿ ਦੋਸ਼ੀ ਕਿਸੇ ਹੋਰ ਵਿਅਕਤੀ ਨੂੰ ਗੰਭੀਰ ਸਰੀਰਕ ਨੁਕਸਾਨ ਪੁਚਾਏਗਾ ਜਾਂ ਮਾਰ ਦਏਗਾ ਤਾਂ *ਕ੍ਰਿਮੀਨਲ ਕੋਡ* ਦੇ ਸੈਕਸ਼ਨ 515(12) ਜਾਂ 516(2) ਦੇ ਤਹਿਤ ਕੋਈ ਸੰਪਰਕ ਨਾ ਰੱਖਣ ਦੇ "ਨੋ ਕਾਂਟੈਕਟ" ਹੁਕਮਾਂ ਦੇ ਨਾਲ ਨਾਲ ਜ਼ਰੂਰੀ ਤੌਰ 'ਤੇ ਨਜ਼ਰਬੰਦੀ ਦੇ ਹੁਕਮ ਪ੍ਰਾਪਤ ਕਰਨੇ ਚਾਹੀਦੇ ਹਨ ਜਿੰਨ੍ਹਾਂ 'ਚ ਦੋਸ਼ੀ ਨੂੰ ਪੀੜਤ ਵਿਅਕਤੀ ਨਾਲ ਸਿੱਧੇ ਜਾਂ ਅਸਿੱਧੇ ਢੰਗ ਨਾਲ ਸੰਪਰਕ ਕਰਨ ਦੀ ਮਨਾਹੀ ਕੀਤੀ ਗਈ ਹੋਵੇ। ਜਿੱਥੇ ਅਜਿਹੇ ਕੇਸਾਂ 'ਚ ਨਜ਼ਰਬੰਦੀ ਦਾ ਹੁਕਮ ਨਾ ਕੀਤਾ ਜਾਵੇ, ਉੱਥੇ ਪੀੜਤ ਵਿਅਕਤੀ ਅਤੇ ਹੋਰ ਆਮ ਜਨਤਾ ਦੀ ਸੁਰੱਖਿਆ ਵਾਸਤੇ ਅਦਾਲਤ ਨੂੰ ਜ਼ਰੂਰ ਹੀ ਸ਼ਰਤਾਂ ਥੋਪਣ ਲਈ ਆਖਣਾ ਚਾਹੀਦਾ ਹੈ। ਸਰਕਾਰੀ ਵਕੀਲ ਨੂੰ ਝਟਪਟ ਐਡਮਿਨਿਸਟ੍ਰੇਟਿਵ ਕਰਾਊਨ ਕਾਊਂਸਲ ਨਾਲ ਸਲਾਹ ਕਰਕੇ ਜ਼ਮਾਨਤ ਦੇ ਪੁਨਰ-ਮੁਲਾਂਕਣ ਬਾਰੇ ਵਿਚਾਰ ਕਰਨਾ ਚਾਹੀਦਾ ਹੈ।

ਸਬੰਧਾਂ 'ਚ ਔਰਤਾਂ ਖਿਲਾਫ ਹਿੰਸਾ, ਵਾਇਉਲੈਂਸ ਅਗੇਂਸਟ ਵੂਮੈਨ ਇਨ ਰਿਲੇਸ਼ਨਸ਼ਿੱਪਸ (VAWIR) ਬਾਰੇ ਅੰਤਰ-ਮੰਤਰਾਲਾ ਪਾਲਿਸੀ 'ਚ "ਸਰਵਉੱਚ ਖਤਰੇ ਵਾਲੇ" ਕੇਸਾਂ ਵਜੋਂ ਪਛਾਣੇ ਗਏ ਕੇਸਾਂ ਦੀ ਪਛਾਣ ਕਰਨ 'ਚ ਅਤੇ ਉਨ੍ਹਾਂ ਬਾਰੇ ਕਾਰਜ ਅਮਲਾਂ 'ਚ ਪੁਲਿਸ ਦੀ ਭੂਮਿਕਾ ਬਾਰੇ ਹੇਠਲੇ ਦੋ ਪੈਰ੍ਹੇ ਦਿੱਤੇ ਗਏ ਹਨ:

> ਜਦੋਂ ਕਾਰਵਾਈ ਕਰਨ ਵਾਲੇ ਅਫਸਰ ਨੂੰ ਫਿਕਰ ਹੋਵੇ ਕਿ ਉਨ੍ਹਾਂ ਦੀ ਮੁੱਢਲੀ ਜਾਂਚ ਪੜਤਾਲ ਦੇ ਆਧਾਰ 'ਤੇ ਇਹ ਘੇਰਲੂ ਹਿੰਸਾ ਦਾ ਕੇਸ ਸਰਵੁੱਚ ਖਤਰੇ ਵਾਲਾ ਹੋਣਾ ਸੰਭਵ ਹੋ ਸਕਦਾ ਹੈ, ਤਾਂ ਉਹ ਆਪਣੇ ਅਫ਼ਸਰ ਜਾਂ ਵਿਸ਼ੇਸ਼ ਪੜਤਾਲ ਕਰਤਾ, ਜਿਸ ਨੇ ਬਾਕਾਇਦਾ ਖਤਰੇ ਦਾ ਮੁਲਾਂਕਣ ਕਰਨ ਦੀ ਸਿਖਲਾਈ ਲਈ ਹੋਵੇ, ਉਸਨੂੰ ਆਪਣੇ ਦੇ ਫਿਕਰ ਬਾਰੇ ਸਲਾਹ ਦੇਣ ਲਈ ਸੰਪਰਕ ਕਰਦੇ ਹਨ। ਉਹ ਅਫ਼ਸਰ ਜਾਂ ਵਿਸ਼ੇਸ਼ ਪੜਤਾਲ ਕਰਤਾ ਇਹ ਫੈਸਲਾ ਕਰੇਗਾ ਕਿ ਜੇ ਖਤਰੇ ਦਾ B-SAFER ਮੁਲਾਂਕਣ ਸ਼ੁਰੂ ਕਰਨਾ ਹੈ ਅਤੇ ਜਦੋਂ ਪੁਲਿਸ ਦੁਆਰਾ ਕੋਈ ਕੇਸ ਉੱਚਤਮ ਖਤਰੇ ਵਾਲਾ ਕਹਿ ਦਿੱਤਾ ਜਾਂਦਾ ਹੈ (ਭਾਵੇਂ ਕਿ B-SAFER ਸ਼ੁਰੂ ਕੀਤਾ ਜਾਂਦਾ ਹੈ ਜਾਂ ਨਹੀਂ) ਤਾਂ ਉੱਚ-ਅਫ਼ਸਰ ਜਾਂ ਵਿਸ਼ੇਸ਼ ਪੜਤਾਲ ਕਰਤਾ ਯਕੀਨੀ ਬਣਾਉਂਦਾ ਹੈ ਕਿ ਇਸ ਪ੍ਰੋਟੋਕੋਲ 'ਚ ਸ਼ਾਮਲ ਸਾਰਿਆਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ।
>
> ਉੱਚਤਮ ਖਤਰੇ ਵਾਲੇ ਕੇਸਾਂ 'ਚ, ਜੇਕਰ ਖਤਰੇ ਦਾ B-SAFER ਮੁਲਾਂਕਣ ਸ਼ੁਰੂ ਹੋ ਜਾਂਦਾ ਹੈ, ਸਰਕਾਰੀ ਵਕੀਲ ਨੂੰ ਭੇਜੀ ਜਾਂਦੀ ਰਿਪੋਰਟ ਟੂ ਕਰਾਊਨ ਕਾਊਂਸਲ 'ਚ ਜਾਂਚ ਪੜਤਾਲ ਦੇ ਵਿਸਥਾਰ, ਖਤਰੇ ਦੇ B-SAFER ਮੁਲਾਂਕਣ ਦੀਆਂ ਲੱਭਤਾਂ ਦੇ ਸਾਰ, ਪੀੜਤ ਵਿਅਕਤੀ (ਹੋਰ ਜਿੰਨ੍ਹਾਂ ਨੂੰ ਖਤਰਾ ਹੋਵੇ) ਦੀ ਸੁਰੱਖਿਆ, ਬੱਚਿਆਂ ਦੀ ਸੁਰੱਖਿਆ ਦੀਆਂ ਸਮੱਸਿਆਵਾਂ ਅਤੇ ਰੱਖਿਆ ਵਾਲੇ ਹਾਲਾਤ ਨਾਲ ਸਬੰਧਿਤ ਸਿਫਾਰਸ਼ਾਂ ਸਮੇਤ, ਖਤਰੇ ਬਾਰੇ ਰਾਵਾਂ ਜਾਂ ਨਜ਼ਰਬੰਦੀ ਦੀ ਜ਼ਰੂਰਤ, ਸਾਰਾ ਕੁਝ ਸ਼ਾਮਲ ਹੋਣਾ ਚਾਹੀਦਾ ਹੈ। ਇਸ 'ਚ ਪੀੜਤ ਵਿਅਕਤੀ, ਉਸਦੇ ਪਰਿਵਾਰ ਮੈਂਬਰਾਂ ਅਤੇ ਗਵਾਹਾਂ ਬਾਰੇ ਵਿਸਤ੍ਰਿਤ ਸੰਪਰਕ ਜਾਣਕਾਰੀ ਅਤੇ ਕੋਈ ਵੀ ਹੋਰ ਸਬੰਧਿਤ ਜਾਣਕਾਰੀ ਵੀ ਸ਼ਾਮਲ ਹੋਣੀ ਚਾਹੀਦੀ ਹੈ।

B-SAFER ਖਤਰਾ ਕਾਰਕਾਂ ਦੀ ਲਿਸਟ ਵੇਖਣ ਲਈ "ਡਿਸਕਸ਼ਨ" ਦੇ ਥੱਲੇ ਵੇਖੋ

ਸਰਕਾਰੀ ਵਕੀਲ ਨੂੰ ਪ੍ਰੈਕਟਿਸ ਬੁਲੇਟਿਨ ਦਾ ਪੁਨਰ-ਮੁਲਾਂਕਣ ਕਰ ਲੈਣਾ ਚਾਹੀਦਾ ਹੈ ਜਿਹੜਾ ਜ਼ਮਾਨਤ ਦੀਆਂ ਸੁਣਵਾਈਆਂ 'ਤੇ ਖਤਰੇ ਦੇ B-SAFER ਮੁਲਾਂਕਣ ਦੀ ਵਰਤੋਂ ਬਾਰੇ ਸਲਾਹ ਪ੍ਰਦਾਨ ਕਰਦਾ ਹੈ।

ਪੁਲਿਸ ਵੱਲੋਂ "ਸਰਵਉੱਚ ਖਤਰੇ ਵਾਲੇ" ਕਰਾਰ ਦਿੱਤੇ ਗਏ ਕੇਸਾਂ 'ਚ, ਜਿੱਥੇ ਸਰਕਾਰੀ ਵਕੀਲ ਸਾਰੀ ਉਪਲਬਧ ਗਵਾਹੀ ਦੇ ਨਿਰਪੱਖ ਮੁਲਾਂਕਣ ਮਗਰੋਂ ਇਹ ਨਤੀਜਾ ਕੱਢਦਾ ਹੈ ਕਿ ਉੱਪਰ ਜ਼ਿਕਰ ਕੀਤੇ ਗਏ ਟੈਸਟ ਦੇ ਅਨੁਸਾਰ ਨਜ਼ਰਬੰਦੀ ਕਰਨੀ ਜ਼ਰੂਰੀ ਨਹੀਂ ਜਾਂ ਕਿ ਪੁਲਿਸ ਵੱਲੋਂ ਸਿਫਰਾਸ਼ ਕੀਤੀਆਂ ਗਈਆਂ ਜ਼ਮਾਨਤ ਦੀਆਂ ਸ਼ਰਤਾਂ ਜ਼ਰੂਰੀ ਨਹੀਂ ਤਾਂ ਸਰਕਾਰੀ ਵਕੀਲ ਨੂੰ, ਜ਼ਮਾਨਤ ਦੀ ਸੁਣਵਾਈ ਵੇਲੇ ਉਹ ਜਿਹੜੀ ਪੁਜ਼ੀਸ਼ਨ ਅਖਤਿਆਰ ਕਰਨੀ ਚਾਹੁੰਦਾ ਹੈ ਉਸ ਬਾਰੇ ਅੰਤਮ ਨਿਰਨਾਂ ਕਰਨ ਤੋਂ ਪਹਿਲਾਂ ਚਾਹੀਦਾ ਹੈ ਕਿ ਉਹ ਪੁਲਿਸ ਨਾਲ ਗੱਲਬਾਤ ਕਰ ਲਵੇ, ਅਤੇ ਉਸ ਨੂੰ ਪੁਲਿਸ ਪੁੱਛ ਲੈਣਾ ਚਾਹੀਦਾ ਹੈ ਜੇਕਰ ਕੋਈ ਹੋਰ ਗਵਾਹੀ ਵਿਚਾਰ ਕਰਨ ਵਾਸਤੇ ਹੈ। ਜੇਕਰ ਅਜਿਹੀ ਗੱਲਬਾਤ ਕਰਨ ਤੋਂ ਬਾਦ ਵੀ ਕੋਈ ਮੱਤਭੇਦ ਬਣਿਆਂ ਰਹਿੰਦਾ ਹੈ ਤਾਂ ਸਰਕਾਰੀ ਵਕੀਲ ਨੂੰ ਆਖਰੀ ਫੈਸਲਾ ਲੈਣ ਤੋਂ ਪਹਿਲਾਂ ਰਿਜਨਲ ਜਾਂ ਡਿਪਟੀ ਰਿਜਨਲ ਕਰਾਊਨ ਕਾਊਂਸਲ ਨਾਲ ਸਲਾਹ ਕਰ ਲੈਣੀ ਚਾਹੀਦੀ ਹੈ। ਸਰਕਾਰੀ ਵਕੀਲ ਨੂੰ ਫਾਈਲ 'ਤੇ ਲਿਖਤੀ ਨੋਟ ਦਰਜ ਕਰਨੇ ਚਾਹੀਦੇ ਹਨ ਜਿੰਨ੍ਹਾਂ 'ਚ ਸਰਕਾਰੀ ਵਕੀਲ ਵੱਲੋਂ ਅਖਤਿਆਰ ਕੀਤੀ ਗਈ ਪੁਜ਼ੀਸ਼ਨ ਲਈ ਦਲੀਲਾਂ ਲਿਖੀਆਂ ਹੋਣ। ਸਰਕਾਰੀ ਵਕੀਲ ਨੂੰ ਹੋਰ ਸਾਰੇ ਕੇਸਾਂ 'ਚ ਪੁਲਿਸ ਨਾਲ ਸਲਾਹ ਮਸ਼ਵਰਾ ਕਰਨ ਲਈ ਵਾਜਬ ਯਤਨ ਕਰਨੇ ਚਾਹੀਦਾ ਹੈ।

ਕਿਸੇ ਵੀ ਕੇਸ 'ਚ ਜਿਹੜਾ ਪੁਲਿਸ ਵੱਲੋਂ "ਸਰਵਉੱਚ ਖਤਰੇ ਵਾਲਾ" ਕਰਾਰ ਦਿੱਤਾ ਗਿਆ ਹੋਵੇ, ਜੇਕਰ ਸਰਕਾਰੀ ਵਕੀਲ ਕੋਲ ਇਸ ਨਤੀਜੇ 'ਤੇ ਪੁੱਜਣ ਦੇ ਕਾਰਨ ਮੌਜੂਦ ਹਨ ਕਿ ਜ਼ਮਾਨਤ ਦੀਆਂ ਸ਼ਰਤਾਂ ਦੀ ਕਥਿਤ ਉਲੰਘਣਾ ਕਿਸੇ ਵੀ ਵਿਅਕਤੀ ਦੀ ਸੁਰੱਖਿਆ ਸਬੰਧੀ ਫਿਕਰ ਪੈਦਾ ਕਰਦੀ ਹੈ ਤਾਂ ਸਰਕਾਰੀ ਵਕੀਲ ਨੂੰ

ਜ਼ਮਾਨਤ ਨੂੰ ਰੱਦ ਕਰਨ ਅਤੇ ਨਜ਼ਰਬੰਦੀ ਕਰਨ ਵਾਸਤੇ ਅਰਜ਼ੀ ਦੇਣੀ ਚਾਹੀਦੀ ਹੈ। ਸਰਕਾਰੀ ਵਕੀਲ ਨੂੰ ਕਿਸੇ ਵੀ ਹੋਰ ਕੇਸ 'ਚ, ਜਿੱਥੇ ਜ਼ਮਾਨਤ ਦੀ ਕਥਿਤ ਉਲੰਘਣਾ ਹੋਈ, ਅਜਿਹੀ ਅਰਜ਼ੀ ਦੇਣ 'ਤੇ ਵਿਚਾਰ ਕਰਨਾ ਚਾਹੀਦਾ ਹੈ।

ਪੀੜਤ ਵਿਅਕਤੀਆਂ ਦੀ ਸੁਰੱਖਿਆ

ਸਰਕਾਰੀ ਵਕੀਲ ਨੂੰ ਪੀੜਤ ਵਿਅਕਤੀਆਂ ਅਤੇ ਹੋਰ ਪਰਿਵਾਰ ਮੈਂਬਰਾਂ ਵਿਸ਼ੇਸ਼ ਕਰਕੇ ਬੱਚਿਆਂ ਦੀ ਸੁਰੱਖਿਆ ਦਾ ਖਾਸ ਸਤਿਕਾਰ ਹੋਣਾ ਚਾਹੀਦਾ ਹੈ। ਸਰਕਾਰੀ ਵਕੀਲ ਨੂੰ ਘਰੇਲੂ ਹਮਲੇ ਦੇ ਮਾਮਲਿਆਂ ਨੂੰ ਤੇਜ਼ੀ ਨਾਲ ਨਿਪਟਾਉਣਾ ਚਾਹੀਦਾ ਹੈ ਅਤੇ ਚਾਰਜ ਮੁਲਾਂਕਣ ਫੈਸਲਿਆਂ ਨੂੰ ਤਰਜੀਹ ਦੇਣੀ ਚਾਹੀਦੀ ਹੈ। ਸਰਕਾਰੀ ਵਕੀਲ ਨੂੰ ਇਹ ਵਿਚਾਰ ਲੈਣਾ ਚਾਹੀਦਾ ਹੈ ਕਿ ਜੇਕਰ ਮੁਕੱਦਮੇ ਦੀ ਸੁਣਵਾਈ ਦੀ ਅਗੇਤੀ ਤਰੀਕ ਬਾਰੇ ਬੇਨਤੀ ਕਰਨੀ ਜ਼ਰੂਰੀ ਹੈ।

ਚਾਈਲਡ, *ਫੈਮਿਲੀ ਐਂਡ ਕਮਿਊਨਿਟੀ ਸਰਵਿਸਿਜ਼ ਐਕਟ* ਦਾ ਸੈਕਸ਼ਨ 14 ਹਰੇਕ ਉਸ ਵਿਅਕਤੀ ਕੋਲੋਂ ਮੰਗ ਕਰਦਾ ਹੈ ਜਿਸ ਕੋਲ ਇਹ ਵਿਸ਼ਵਾਸ਼ ਕਰਨ ਲਈ ਕਾਰਨ ਮੌਜੂਦ ਹਨ ਕਿ ਬੱਚੇ ਦੇ ਮਾਪਿਆਂ (ਜਿਵੇਂ ਪ੍ਰੀਭਾਸ਼ਤ ਕੀਤਾ) ਵੱਲੋਂ ਬੱਚੇ ਨੂੰ ਸਰੀਰਕ ਜਾਂ ਭਾਵਨਾਤਮਕ ਤੌਰ 'ਤੇ ਨੁਕਸਾਨ ਪੁਚਾਇਆ ਗਿਆ ਜਾਂ ਪੁਚਾਇਆ ਜਾ ਸਕਦਾ, ਉਸ ਨਾਲ ਜਿਨਸੀ ਦੁਰਾਚਾਰ ਜਾਂ ਸੋਸ਼ਣ ਹੋਇਆ ਜਾਂ ਹੋ ਸਕਦਾ ਹੈ, ਕਿ ਉਹ ਝਟਪਟ ਇਸ ਦੀ ਰਿਪੋਰਟ ਮਿਨਿਸਟਰੀ ਆਫ ਚਿਲਡਰਨ ਐਂਡ ਫੈਮਿਲੀ ਡਿਵੈਲਪਮੈਂਟ ਦੇ ਕਿਸੇ ਅਧਿਕਾਰਤ ਏਜੰਟ (ਚਾਈਲਡ ਕੇਅਰ ਵਰਕਰ) ਨੂੰ ਕਰੇ। ਇਹ ਆਸ ਕੀਤੀ ਜਾਂਦੀ ਹੈ ਕਿ ਪੁਲਿਸ, ਜਿੱਥੇ ਜ਼ਰੂਰਤ ਹੋਈ, ਰਿਪੋਰਟ ਤਿਆਰ ਕਰੇਗੀ। ਇਸਦੇ ਬਾਵਜੂਦ ਕਿ ਪੁਲਿਸ ਨੇ ਰਿਪੋਰਟ ਤਿਆਰ ਕੀਤੀ ਹੈ ਜਾਂ ਕਰੇਗੀ, ਜਿੱਥੇ ਵਕੀਲ ਕੋਲ ਇਹ ਵਿਸ਼ਵਾਸ਼ ਕਰਨ ਲਈ ਕਾਰਨ ਮੌਜੂਦ ਹਨ ਕਿ ਬੱਚੇ ਨੂੰ ਸੁਰੱਖਿਆ ਦੀ ਲੋੜ ਹੈ, ਜਿਵੇਂ ਐਕਟ 'ਚ ਪ੍ਰੀਭਾਸ਼ਤ ਕੀਤਾ ਗਿਆ ਹੈ, ਤਾਂ ਕਾਨੂੰਨ ਅਨੁਸਾਰ ਉਨ੍ਹਾਂ ਨੂੰ ਰਿਪੋਰਟ ਤਿਆਰ ਕਰਨ ਦੀ ਜ਼ਰੂਰਤ ਹੈ। ਇਸ ਕਾਨੂੰਨੀ ਜ਼ਿੰਮੇਵਾਰੀ ਨੂੰ ਪੂਰਿਆਂ ਕਰਨ ਵਾਸਤੇ ਸਰਕਾਰੀ ਵਕੀਲ ਵੱਲੋਂ ਵਰਤੇ ਜਾਂਦੇ ਰਿਪੋਰਟ ਫਾਰਮ ਦੀ ਉਦਾਹਰਨ ਵੇਖਣ ਵਾਸਤੇ ਅੰਤਿਕਾ 'ਸੀ' ਵੇਖੋ।

ਸਾਰੇ ਵਿਅਕਤੀਆਂ ਨੂੰ ਪੀੜਤਾਂ ਲਈ ਸੇਵਾਵਾਂ ਦੀ ਉਪਲਬਧੀ ਬਾਰੇ ਦੱਸਿਆ ਜਾਣਾ ਚਾਹੀਦਾ ਹੈ।

ਸਰਕਾਰੀ ਵਕੀਲ ਨੂੰ *ਕ੍ਰਿਮੀਨਲ ਕੋਡ* ਦੇ ਸੈਕਸ਼ਨ 486 ਦੇ ਤਹਿਤ ਪਬਲੀਕੇਸ਼ਨ ਬੈਨ ਅਤੇ ਟੈਸਟੀਮੋਨੀਅਲ ਅਕੌਮੋਡੇਸ਼ਨਜ਼ ਦੀ ਉਪਲਬਧੀ ਬਾਰੇ ਵਿਚਾਰ ਕਰਨਾਂ ਚਾਹੀਦਾ ਹੈ (ਹੇਠਾਂ "ਰਿਲੱਕਟੈਂਟ ਵਿਟਨੈਸਜ਼" ਦੇ ਤਹਿਤ ਵੇਖੋ)।

ਪੀੜਤ ਵਿਅਕਤੀ ਨੂੰ, ਲਾਏ ਗਏ ਚਾਰਜਾਂ, ਰਿਹਾਈ ਦੀਆਂ ਸ਼ਰਤਾਂ ਜਾਂ ਕੇਸਾਂ ਦੇ ਹੋਰ ਵਿਵਰਣਾ ਬਾਰੇ ਸਮੇਂ ਸਿਰ ਜਾਣਕਾਰੀ ਮੁਹੱਈਆ ਕੀਤੀ ਜਾਣੀ ਚਾਹੀਦੀ ਹੈ। ਸਰਕਾਰੀ ਵਕੀਲ ਨੂੰ *ਵਿਕਟਿਮਜ਼ ਆਫ ਕ੍ਰਾਈਮ ਐਕਟ* ਅਤੇ ਬਰਾਂਚ ਪਾਲਿਸੀ ਆਨ ਵਿਕਟਿਮਜ਼ ਆਫ ਕ੍ਰਾਈਮ VIC 1 ਦੀਆਂ ਜਾਣਕਾਰੀ ਨਾਲ ਸਬੰਧਤ ਜ਼ਰੂਰਤਾਂ ਨੂੰ ਧਿਆਨ. ਵਿਚ ਰੱਖਣਾ ਚਾਹੀਦਾ ਹੈ। VIC 1 ਹੋਰ ਗੱਲਾਂ ਦੇ ਨਾਲ ਨਾਲ (*inter alia*) ਇਹ ਵਿਵਸਥਾ ਕਰਦੀ ਹੈ, "ਜਿੱਥੇ ਪੀੜਤ ਵਿਅਕਤੀ ਦੀ ਸੁਰੱਖਿਆ ਬਾਰੇ ਖਾਸ ਚਿੰਤਾਵਾਂ ਹੋਣ, ਜਾਂ ਪੀੜਤ ਵਿਅਕਤੀ ਵੱਲੋਂ ਚਾਲੂ ਜਾਣਕਾਰੀ ਵਾਸਤੇ ਬੇਨਤੀ ਕੀਤੀ ਗਈ ਹੋਵੇ ਤਾਂ ਸਰਕਾਰੀ ਵਕੀਲ ਨੂੰ ਪੈਰਵੀ ਦੇ ਮਾਮਲੇ 'ਚ ਕੋਈ ਵੀ ਤਬਦੀਲੀ, ਭਵਿੱਖ 'ਚ ਆਉਣ ਵਾਲੀ ਕੋਈ ਅਦਾਲਤੀ ਤਰੀਕ ਅਤੇ ਜ਼ਮਾਨਤ ਦੀਆਂ ਕੋਈ ਸ਼ਰਤਾਂ ਬਾਰੇ ਸਿੱਧੇ ਜਾਂ ਪ੍ਰਸ਼ਾਸਕੀ ਸਹਾਇਤਾ ਸਟਾਫ ਰਾਹੀਂ ਜਾਂ ਪੀੜਤ ਸਹਾਇਤਾ ਪ੍ਰੋਗਰਾਮ ਰਾਹੀਂ ਪੀੜਤ ਵਿਅਕਤੀ ਨੂੰ ਸੂਚਿਤ ਕੀਤੇ ਜਾਣ ਨੂੰ ਯਕੀਨੀ ਬਣਾਉਂਣ ਲਈ ਵਾਜਬ ਕਦਮ ਚੁੱਕਣੇ ਚਾਹੀਦੇ ਹਨ।"

ਪੁਲਿਸ ਵੱਲੋਂ "ਸਰਵੁੱਚ ਖਤਰੇ ਵਾਲੇ" ਕਰਾਰ ਦਿੱਤੇ ਗਏ ਕੇਸਾਂ 'ਚ ਸਰਕਾਰੀ ਵਕੀਲ ਜਾਂ ਸਰਕਾਰ ਦੇ ਨਿਰਧਾਰਤ ਵਿਅਕਤੀ ਵੱਲੋਂ ਜਿੰਨੀ ਜਲਦੀ ਸੰਭਵ ਹੋ ਸਕੇ ਇਹ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਪੀੜਤ ਵਿਅਕਤੀ ਅਤੇ ਪੁਲਿਸ ਨੂੰ ਰਿਹਾਈ, ਰਿਹਾਈ ਦੀਆਂ ਸ਼ਰਤਾਂ ਅਤੇ ਅਦਾਲਤੀ ਬੰਦੋਬਸਤਾਂ ਬਾਰੇ ਸੂਚਿਤ ਕੀਤਾ ਜਾਵੇ। ਇਸ ਨਾਲ ਪੀੜਤ ਵਿਅਕਤੀ ਨੂੰ, ਜੇਕਰ ਜ਼ਰੂਰੀ ਹੋਵੇ, ਤਾਂ ਪੁਲਿਸ ਨਾਲ ਸੰਪਰਕ ਕਰਨ ਦੀ

ਹਾਲਤ ‘ਚ ਹੋ ਸਕਣ ‘ਚ ਮਦਦ ਮਿਲੇਗੀ। ਸਰਕਾਰੀ ਵਕੀਲ ਆਸ ਕਰਦੇ ਹਨ ਕਿ ਪੁਲਿਸ ਫਿਰ ਜਸਟਿਸ/ਚਾਈਲਡ ਵੈਲਫੇਅਰ ਦੇ ਹੋਰ ਭਾਈਵਾਲਾਂ ਨੂੰ ਜਿੰਨੀ ਜਲਦੀ ਸੰਭਵ ਹੋਵੇ, ਸੂਚਿਤ ਕਰੇਗੀ, ਸਿਵਾਏ ਇਸਦੇ ਕਿ ਉਸ ਕਮਿਊਨਿਟੀ ‘ਚ ਇਸ ਤਰ੍ਹਾਂ ਮੰਨਿਆ ਗਿਆ ਹੋਵੇ ਕਿ ਇਹ ਕੰਮ ਸਰਕਾਰੀ ਵਕੀਲ ਕਰਨਗੇ।

<u>ਸੁਣਵਾਈ ਲਈ ਤਿਆਰੀ</u>

ਜਿੱਥੇ, ਖਤਰੇ ਵਾਲੀਆਂ ਸਬੰਧਤ ਗੱਲਾਂ ਵਿਚਾਰ ਲੈਣ ਅਤੇ ਉਪਲਬਧ ਗਵਾਹੀ ਦਾ ਨਿਰਪੱਖ ਮੁਲਾਂਕਣ ਕਰ ਲੈਣ ਮਗਰੋਂ, ਸਰਕਾਰੀ ਵਕੀਲ ਕੋਲ ਇਹ ਨਤੀਜਾ ਕੱਢਣ ਲਈ ਕਾਰਨ ਮੌਜੂਦ ਹੋਣ ਕਿ ਗੰਭੀਰ ਸਰੀਰਕ ਨੁਕਸਾਨ ਕਰਨ ਜਾਂ ਮਾਰ ਦੇਣ ਦੀ ਵੱਡੀ ਸੰਭਾਵਨਾਂ ਮੌਜੂਦ ਹੈ, ਤਾਂ ਸਰਕਾਰੀ ਵਕੀਲ ਨੂੰ ਮਕੱਦਮੇ ਦੀ ਅਗੇਤੀ ਤਰੀਕ, ਜਦੋਂ ਵੀ ਸੰਭਵ ਹੋਵੇ, ਲੈਣ ਲਈ ਆਖਣਾ ਚਾਹੀਦਾ ਹੈ। ਹੇਠ ਲਿਖਿਆਂ ਬਾਰੇ, ਜਦੋਂ ਵੀ ਇਹ ਪ੍ਰਯੋਗ ਕਰਨ ਯੋਗ ਹੋਣ, ਧਿਆਨ ਪੂਰਬਕ ਵਿਚਾਰ ਕਰਨਾ ਚਾਹੀਦਾ ਹੈ:

- ਪੁਲਿਸ, ਪੀੜਤਾਂ ਲਈ ਸੇਵਾਵਾਂ ਵਾਲਿਆਂ ਅਤੇ ਮਿਨਿਸਟਰੀ ਆਫ ਚਿਲਡਰਨ ਐਂਡ ਫੈਮਿਲੀ ਡਿਵੈਲਪਮੈਂਟ (MCFD) ਨਾਲ ਵਧੇਰੇ ਸੰਪਰਕ ਅਤੇ ਤਾਲਮੇਲ
- ਮੁਕੱਦਮੇ ਲਈ ਵਕੀਲ ਦੀ ਅਗੇਤੀ ਨਿਯੁਕਤੀ
- ਅਗੇਤੀ ਸ਼ਨਾਖਤ ਅਤੇ ਪੀੜਤ ਵਿਅਕਤੀ ਨੂੰ ਸੈਕਸ਼ਨ 486 ਦੇ ਤਹਿਤ ਉਪਲਬਧ ਕਿਸੇ ਵੀ ਟੈਸਟੀਮੋਨੀਅਲ ਅਕੌਮੋਡੇਸ਼ਨਜ਼ ਦਾ ਅਗੇਤਾ ਨੋਟਿਸ

<u>ਝਿਜਕਵਾਨ ਗਵਾਹ</u>

ਘਰੇਲੂ ਹਿੰਸਾ ਦੇ ਕੇਸਾਂ ਦੀ ਪੈਰਵੀ ‘ਚ ਕੋਈ ਝਿਜਕਵਾਨ ਪੀੜਤ ਵਿਅਕਤੀ ਜਾਂ ਹੋਰ ਝਿਜਕਦਾ ਗਵਾਹ ਅਕਸਰ ਮਿਲ ਜਾਂਦਾ ਹੈ, ਕਿਉਂਕਿ ਜਟਿਲ ਕਾਰਕ ਉਨ੍ਹਾਂ ਦੀ ਫੌਜਦਾਰੀ ਨਿਆਂ ਪ੍ਰਬੰਧ ਨਾਲ ਸਹਿਯੋਗੀ ਕਰਨ ਦੀ ਇੱਛਾ ‘ਤੇ ਅਸਰ ਪਾ ਸਕਦੇ ਹਨ। ਸਰਕਾਰੀ ਵਕੀਲ ਨੂੰ ਇਸ ਗੱਲ ਦਾ ਪਤਾ ਹੋਣਾ ਚਹੀਦਾ ਹੈ ਕਿ ਅਦਾਲਤੀ ਕਾਰਵਾਈ ਦੇ ਕਿਸੇ ਵੀ ਪੜਾਅ ‘ਤੇ ਦੋਸ਼ੀ ਅਣਉੱਚਿਤ ਪ੍ਰਕਾਰ ਦਾ ਪ੍ਰਭਾਵ ਪਾ ਸਕਦਾ ਹੈ ਅਤੇ, ਕਿ ਪੀੜਤ ਵਿਅਕਤੀ ਅਕਸਰ ਸਬੰਧਾਂ ਦਰਮਿਆਨ ਹਿੰਸਾ ਦੀ ਗੰਭੀਰਤਾ ਨੂੰ ਘਟਾ ਦਿੰਦਾ ਜਾਂ ਉਸਦੀ ਹੋਂਦ ਤੋਂ ਇਨਕਾਰ ਕਰ ਦਿੰਦਾ ਹੈ। ਪੀੜਤਾਂ ਲਈ ਸੇਵਾਵਾਂ ਵਾਲਿਆਂ ਦੀ ਸ਼ਮੂਲੀਅਤ ਪੀੜਤ ਵਿਅਕਤੀਆਂ ਨੂੰ ਅਦਾਲਤੀ ਕਾਰਵਾਈ ਦੌਰਾਨ ਸ਼ਾਮਲ ਹੋਏ ਰਹਿਣ ‘ਚ ਸਹਾਈ ਹੋ ਸਕਦੀ ਹੈ।

ਸਰਕਾਰੀ ਵਕੀਲ ਨੂੰ ਗਵਾਹੀ ਦੇਣ ਤੋਂ ਕਿਸੇ ਪ੍ਰਕਾਰ ਦੀ ਝਿਜਕ ਦੇ ਕਾਰਨਾਂ ਨੂੰ ਪੱਕੀ ਤਰ੍ਹਾਂ ਜਾਣਨ ਲਈ ਯਤਨ ਕਰਨਾ ਚਾਹੀਦਾ ਹੈ। ਜੇਕਰ ਕਿਸੇ ਗਵਾਹ ਨੂੰ ਧਮਕੀਆਂ ਮਿਲੀਆਂ ਹੋਣ ਜਾਂ ਰੋਕਿਆ ਗਿਆ ਹੋਵੇ ਤਾਂ ਸਰਕਾਰੀ ਵਕੀਲ ਨੂੰ ਚਾਹੀਦਾ ਹੈ ਕਿ ਉਹ ਇਹ ਮਾਮਲਾ ਪੁਲਿਸ ਨੂੰ ਜਾਂਚ ਪੜਤਾਲ ਲਈ ਭੇਜ ਦੇਵੇ।

ਜਿੱਥੇ ਸਰਕਾਰੀ ਵਕੀਲ ਇਹ ਪੁਸ਼ਟੀ ਕਰਨ ‘ਚ ਅਸਫਲ ਰਹਿਣ ਕਿ ਪੀੜਤ ਵਿਅਕਤੀ ਗਵਾਹੀ ਦੇਵੇਗਾ, ਤਾਂ ਉਨ੍ਹਾਂ ਨੂੰ ਇਸ ਗੱਲ ‘ਤੇ ਵਿਚਾਰ ਕਰਨਾਂ ਚਾਹੀਦਾ ਹੈ ਕਿ ਆਇਆ ਗਵਾਹੀ ਦੇਣ ਤੋਂ ਬਗੈਰ ਕੋਈ ਹੋਰ ਸਬੂਤ ਚਾਰਜ ਮੁਲਾਂਕਣ ਦੇ ਸਟੈਂਡਰਡ ‘ਤੇ ਪੂਰਾ ਉਤਰੇਗਾ, ਜਿਵੇਂ ਕਿ ਕੋਈ ਸੁਤੰਤਰ ਤਸਦੀਕਸ਼ੁਦਾ ਸਬੂਤ।

ਪੀੜਤ ਵਿਅਕਤੀਆਂ ਨੂੰ ਗਵਾਹੀ ਦੇਣ ਵਾਸਤੇ ਸੰਮਨ ਨਿੱਜੀ ਤੌਰ ‘ਤੇ ਦਿੱਤਾ ਜਾਣ ਚਾਹੀਦਾ ਹੈ। ਸਰਕਾਰੀ ਵਕੀਲ ਨੂੰ ਪੀੜਤ ਵਿਅਕਤੀ, ਜਿਹੜਾ ਪੇਸ਼ ਨਹੀਂ ਸੀ ਹੋਇਆ, ਲਈ ਅਹਿਮ ਗਵਾਹ ਵਾਰੰਟ ਵਾਸਤੇ ਅਰਜ਼ੀ ਦੇਣ ਤੋਂ ਪਹਿਲਾਂ ਸਾਰੇ ਸਬੂਤਾਂ ਨੂੰ, ਸਮੇਤ ਉਸ ਸੰਭਾਵਨਾਂ ਦੇ ਕਿ ਪੀੜਤ ਵਿਅਕਤੀ ਗਵਾਹੀ ਦੇਵੇਗਾ, ਅਤੇ ਕੇਸ ਦੇ ਹਾਲਾਤ, ਜਿੰਨ੍ਹਾਂ ‘ਚ ਕਥਿਤ ਦੁਰਾਚਾਰ ਦੀ ਗੰਭੀਰਤਾ ਅਤੇ ਬੱਚਿਆਂ ਤੇ ਹੋਰਾਂ ਨੂੰ ਸੁਰੱਖਿਆ ਦੇਣ ਦੀ ਲੋੜ ਸ਼ਾਮਲ ਹਨ, ਵਿਚਾਰ ਲੈਣਾ ਚਾਹੀਦਾ ਹੈ। ਸਰਕਾਰੀ ਵਕੀਲ ਨੂੰ ਅਹਿਮ ਗਵਾਹ ਵਾਰੰਟ ਵਾਸਤੇ ਅਰਜ਼ੀ ਦੇਣ ਤੋਂ ਪਹਿਲਾਂ ਐਡਮਿਨਿਸਟ੍ਰੇਟਿਵ ਕਰਾਊਨ ਕਾਊਂਸਲ ਨਾਲ ਸਲਾਹ ਮਸ਼ਵਰਾ ਕਰ ਲੈਣਾ ਚਾਹੀਦਾ ਹੈ।

ਸਰਕਾਰੀ ਵਕੀਲ ਨੂੰ ਵਿਚਾਰ ਲੈਣਾ ਚਾਹੀਦਾ ਹੈ ਕਿ ਆਇਆ ਸੈਕਸ਼ਨ 486 ਦੇ ਤਹਿਤ ਟੈਸਟੀਮੋਨੀਅਲ ਅਕੌਮੋਡੇਸ਼ਨਜ਼ ਜਾਂ ਛਾਪਣ 'ਤੇ ਮਨਾਹੀ ਉਪਲਬਧ ਹਨ। ਬਰਾਂਚ ਪਾਲਿਸੀ ਆਨ ਸੈਕਸੂਅਲ ਔਫੈਂਸਜ਼– – SEX 1 'ਚ ਗਾਈਡਲਾਈਨਾਂ ਵੇਖੋ। ਸੈਕਸ਼ਨ 486 ਦੇ ਤਹਿਤ ਅਦਾਲਤ ਇੰਨ੍ਹਾਂ ਲਈ ਹੁਕਮ ਦੇ ਸਕਦੀ ਹੈ: ਆਮ ਜਨਤਾ ਨੂੰ ਬਾਹਰ ਰੱਖਣ (486(1)); ਇਕ ਸਹਾਇਤਾ ਵਾਲਾ ਵਿਅਕਤੀ (486.1); ਗਵਾਹ ਨੂੰ ਵੱਖਰੇ ਕਮਰੇ 'ਚੋਂ ਜਾਂ ਪਰਦੇ ਦੇ ਪਿੱਛਿਉਂ ਜਾਂ ਹੋਰ ਸਾਧਨ ਰਾਹੀਂ ਗਵਾਹੀ ਦੇਣ (486.2); ਨਿਯੁਕਤ ਵਕੀਲ ਦੁਆਰਾ ਜਿਰਹ (ਜਿੱਥੇ ਦੋਸ਼ੀ ਨੁੰਮਾਇੰਦਗੀ ਰਹਿਤ ਹੈ) (486.3); ਸ਼ਿਕਾਇਤ ਕਰਤਾ ਦੀ ਸ਼ਨਾਖਤ ਸਬੰਧੀ ਛਾਪਣ ਦੀ ਮਨਾਹੀ (486.4) ਬਾਰੇ।

<u>ਬਦਲਵੇਂ ਉਪਾਅ</u>

ਬਰਾਂਚ ਪਾਲਿਸੀ ਆਨ ਚਾਰਜ ਅਸੈੱਸਮੈਂਟ ਗਾਈਡਲਾਈਨਜ਼–CHA 1 ਦੱਸਦੀ ਹੈ ਕਿ ਜਿੱਥੇ ਪੀੜਤ ਵਿਅਕਤੀ ਇਕ ਕਮਜ਼ੋਰ ਵਿਅਕਤੀ ਹੋਵੇ ਜਿਵੇਂ ਕਿ ਪਤੀ/ਪਤਨੀ ਤਾਂ ਕੇਸ ਪੈਰਵੀ ਤੱਕ ਲਿਜਾਣਾ ਆਮ ਤੌਰ 'ਤੇ ਜਨਤਕ ਹਿੱਤ 'ਚ ਹੁੰਦਾ ਹੈ। ਜਦੋਂ ਕਿ ਆਪਣੀ ਹੋਂਦ ਦੱਸਣ ਵਾਲੇ ਅਪਰਾਧਾਂ (ਜਿਵੇਂ ਕਿ ਹਮਲਾ ਕਰਨਾਂ) ਲਈ, ਜਿੱਥੇ ਗਵਾਹੀ ਨਾਲ ਸਬੰਧਤ ਟੈਸਟ ਪੂਰਾ ਹੋ ਗਿਆ ਹੋਵੇ, ਆਮ ਤੌਰ 'ਤੇ ਉਸਦੀ ਪੈਰਵੀ ਹੋਵੇਗੀ, ਬਦਲਵੇਂ ਉਪਾਅ ਵਿਚਾਰੇ ਜਾ ਸਕਦੇ ਹਨ ਜੇਕਰ ਪੈਰਵੀ ਦੇ ਸਭ ਤੋਂ ਮਹੱਤਵਪੂਰਨ ਉਦੇਸ਼ ਅਜੇ ਵੀ ਪ੍ਰਾਪਤ ਕੀਤੇ ਜਾ ਸਕਦੇ ਹੋਣ।

ਕਿਸੇ ਪੈਰਵੀ ਦੇ ਸਭ ਤੋਂ ਮਹੱਤਵਪੂਰਨ ਉਦੇਸ਼ ਹਰੇਕ ਕੇਸ ਨਾਲ ਉਸਦੇ ਤੱਥਾਂ ਦੇ ਆਧਾਰ 'ਤੇ ਵੱਖਰੇ ਹੋਣਗੇ। ਮਿਸਾਲ ਵਜੋਂ ਜਿੱਥੇ ਪੈਰਵੀ ਦਾ ਉਦੇਸ਼ ਹਿੰਸਕ ਅਪਰਾਧੀ ਨੂੰ ਸਮਾਜ ਅਤੇ ਪੀੜਤ ਵਿਅਕਤੀ ਨਾਲੋਂ, ਜੇਲ੍ਹ ਭੇਜੇ ਜਾਣ ਦੇ ਸਮੇਂ ਜਾਂ ਅਦਾਲਤ ਵੱਲੋਂ ਨਿਗਰਾਨੀ ਸਹਿਤ ਪ੍ਰੋਬੇਸ਼ਨ ਪ੍ਰੋਗਰਾਮ ਰਾਹੀਂ ਅੱਡ ਕਰ ਦੇਣ 'ਚ ਹੈ, ਉੱਥੇ ਬਦਲਵੇਂ ਉਪਾਅ ਅਢੁਕਵੇਂ ਹੋਣੇਗੇ। ਦੂਸਰੇ ਪਾਸੇ ਜਿੱਥੇ ਸਭ ਤੋਂ ਮਹੱਤਵਪੂਰਨ ਉਦੇਸ਼ ਅਪਰਾਧੀ ਦੇ ਅੰਦਰ ਜ਼ਿੰਮੇਵਾਰੀ ਦਾ ਅਹਿਸਾਸ ਵਧਾਉਣ ਦਾ ਹੋਵੇ ਅਤੇ ਪੀੜਤ ਵਿਅਕਤੀਆਂ ਨੂੰ ਪੁਚਾਏ ਗਏ ਨੁਕਸਾਨ ਨੂੰ ਮੰਨ ਲੈਣ ਦਾ ਹੋਵੇ ਤਾਂ ਬਦਲਵੇਂ ਉਪਾਅ ਦੀ ਸੰਭਾਵਤ ਤੌਰ 'ਤੇ ਇਨ੍ਹਾਂ ਉਦੇਸ਼ਾਂ ਨੂੰ ਪ੍ਰਾਪਤ ਕਰਨ ਦੇ ਯੋਗ ਹੋ ਸਕਣ ਦੀ ਸੰਭਾਵਨਾਂ ਹੋ ਸਕਦੀ ਹੈ।

ਘਰੇਲੂ ਹਿੰਸਾ ਦੇ ਕਿਸੇ ਕੇਸ 'ਚ ਪੀੜਤ ਵਿਅਕਤੀ ਦੀਆਂ ਸਮੱਸਿਆਵਾਂ ਨੂੰ ਧਿਆਨ ਨਾਲ ਵਿਚਾਰਨ ਤੋਂ ਬਗੈਰ ਬਦਲਵੇਂ ਉਪਾਅ ਵਿਚਾਰ ਅਧੀਨ ਨਹੀਂ ਲਿਆਉਣੇ ਚਾਹੀਦੇ ਅਤੇ ਇੰਨ੍ਹਾਂ ਬਾਰੇ ਅੱਗੇ ਤਾਂ ਹੀ ਚੱਲਣਾ ਚਾਹੀਦਾ ਹੈ, ਜੇਕਰ:

- ਕੋਈ ਵੱਡੀ ਸਰੀਰਕ ਸੱਟ ਨਹੀਂ ਲੱਗੀ;
- ਘਰੇਲੂ ਹਿੰਸਾ ਦਾ ਪਿਛੋਕੜ ਹੋਣ ਦਾ ਕੋਈ ਇਸ਼ਾਰਾ ਨਹੀਂ ਮਿਲਦਾ;
- ਖਤਰੇ ਦੇ ਸਬੰਧਤ ਕਾਰਕਾਂ ਨੂੰ ਧਿਆਨ 'ਚ ਰੱਖਦਿਆਂ, ਜਿਵੇਂ ਕਿ ਜਿਹੜੇ "ਡਿਸਕਸ਼ਨ" ਦੇ ਹੇਠ ਦਿੱਤੇ ਗਏ ਹਨ, ਅਤੇ ਕੁਰੈਕਸ਼ਨ ਬਰਾਂਚ ਵੱਲੋਂ ਮੁਹੱਈਆ ਹੋਇਆ ਕੋਈ ਖਤਰੇ ਦਾ ਮੁਲਾਂਕਣ ਧਿਆਨ 'ਚ ਰੱਖਦਿਆਂ ਸਰਕਾਰੀ ਵਕੀਲ ਕੋਲ ਉਪਲਬਧ ਗਵਾਹੀ ਦੇ ਨਿਰਪੱਖ ਮੁਲਾਂਕਣ ਦੇ ਆਧਾਰ 'ਤੇ ਇਹ ਨਤੀਜਾ ਕੱਢਣ ਦਾ ਕੋਈ ਕਾਰਨ ਨਹੀਂ ਕਿ ਅਗਾਂਹ ਦੇ ਅਪਰਾਧ ਦਾ ਕੋਈ ਵੱਡਾ ਖਤਰਾ ਹੈ ਜਿਸਦੇ ਦੇ ਸਿੱਟੇ ਵਜੋਂ ਗੰਭੀਰ ਨੁਕਸਾਨ ਹੋ ਸਕਦਾ ਹੈ; ਅਤੇ
- ਬਦਲਵੇਂ ਉਪਾਆਵਾਂ ਦੀ ਵਰਤੋਂ ਕਰਨਾਂ ਸਮਾਜ ਦੀ ਸੁਰੱਖਿਆ ਦੇ ਉਲਟ ਨਹੀਂ ਜਾਂਦਾ।

ਇਹ ਨੋਟ ਕਰਨ ਵਾਲੀ ਮਹੱਤਵਪੂਰਨ ਗੱਲ ਹੈ ਕਿ ਕੁਰੈਕਸ਼ਨ ਬਰਾਂਚ ਦਾ ਪ੍ਰੋਗਰਾਮ "ਦਿ ਰਿਲੇਸ਼ਨਸ਼ਿੱਪ ਵਾਇਉਲੈਂਸ ਪ੍ਰੀਵੈਂਸ਼ਨ ਪ੍ਰੋਗਰਾਮ" ਜਿਹੜਾ ਘਰੇਲੂ ਹਿੰਸਾ 'ਤੇ ਕੇਂਦਰਿਤ ਹੈ, ਉਹ ਬਦਲਵੇਂ ਉਪਾਆਵਾਂ ਦੀ ਰੈਫਰਲ 'ਤੇ ਉਪਲਬਧ ਨਹੀਂ ਹੈ।

ਜਦੋਂ ਕਿ ਬਦਲਵੇਂ ਉਪਾਅ ਦੀ ਰੈਫਰਲ ਪੈਰਵੀ ਦੇ ਕਿਸੇ ਵੀ ਪੜਾਅ 'ਤੇ ਵਿਚਾਰੀ ਜਾ ਸਕਦੀ ਹੈ, ਪ੍ਰੰਤੂ ਬਹੁਤੇ ਕੇਸਾਂ 'ਚ ਰੈਫਰਲ ਤੋਂ ਪਹਿਲਾਂ ਚਾਰਜ ਮਨਜ਼ੂਰ ਕਰਨਾਂ ਤੇ ਰਿਹਾਈ ਦੀਆਂ ਸ਼ਰਤਾਂ ਲਗਵਾ ਲੈਣਾ ਕਰਨ ਯੋਗ ਗੱਲ ਹੋ ਸਕਦੀ ਹੈ।

<u>ਹੱਲ ਕੱਢਣ ਦੀ ਗੱਲਬਾਤ</u>

ਇਸ ਬਾਰੇ ਬਰਾਂਚ ਦੀ ਪਾਲਿਸੀ, ਬਰਾਂਚ ਪਾਲਿਸੀ ਆਨ ਰੈਜ਼ੋਲੂਸ਼ਨ ਡਿਸਕਸ਼ਨਜ਼- RES 1 'ਚ ਪੀੜਤ ਵਿਅਕਤੀ ਅਤੇ ਪੁਲਿਸ ਨੂੰ ਜਾਣਕਾਰੀ ਮੁਹੱਈਆ ਕਰਨ ਬਾਰੇ ਅਤੇ ਕੁਝ ਖਾਸ ਪ੍ਰਕਾਰ ਦੇ ਕੇਸਾਂ 'ਚ ਉਨ੍ਹਾਂ ਨੂੰ ਸਰਕਾਰੀ ਵਕੀਲ ਨੂੰ ਹੱਲ ਕੱਢਣ ਦੀ ਪ੍ਰਸਤਾਵਤ ਗੱਲਬਾਤ ਦੇ ਸਬੰਧ 'ਚ ਆਪਣੇ ਫਿਕਰ ਜ਼ਾਹਰ ਕਰਨ ਦਾ ਮੌਕਾ ਦੇਣ ਬਾਰੇ ਗਾਈਡਲਾਈਨਾਂ ਦਿੱਤੀਆਂ ਗਈਆਂ ਹਨ। ਘਰੇਲੂ ਹਿੰਸਾ ਦੇ ਕੇਸਾਂ 'ਚ ਹੱਲ ਕੱਢਣ ਦੀ ਗੱਲਬਾਤ 'ਚ ਪੈਣ ਤੋਂ ਪਹਿਲਾਂ ਸਰਕਾਰੀ ਵਕੀਲਾਂ ਨੂੰ ਆਪਣੇ ਆਪ ਨੂੰ ਇੰਨ੍ਹਾਂ ਗਾਈਡਲਾਈਨਾਂ ਨਾਲ ਮੁੜ ਤੋਂ ਪ੍ਰੀਚਤ ਹੋ ਲੈਣਾ ਚਾਹੀਦਾ ਹੈ।

<u>ਸਜ਼ਾ ਸੁਣਾਉਣਾ</u>

*ਵਿਕਟਿਮਜ਼ ਆਫ ਕ੍ਰਾਈਮ ਐਕਟ* ਦੇ ਸੈਕਸ਼ਨ 4 ਦੇ ਤਹਿਤ ਸਰਕਾਰੀ ਵਕੀਲ ਨੂੰ ਇਹ ਯਕੀਨੀ ਬਣਾ ਲੈਣਾ ਚਾਹੀਦਾ ਹੈ ਕਿ ਸਜ਼ਾ ਦਿੱਤੇ ਜਾਣ ਤੋਂ ਪਹਿਲਾਂ ਹਰੇਕ ਪੀੜਤ ਵਿਅਕਤੀ ਨੂੰ ਅਪਰਾਧ ਦੇ ਅਸਰ ਨਾਲ ਸਬੰਧਤ ਦਾਖਲ ਕਰਨ ਯੋਗ ਗਵਾਹੀਆਂ, ਜਿਵੇਂ ਪੀੜਤ ਵਿਅਕਤੀ ਉਨ੍ਹਾਂ ਨੂੰ ਸਮਝਦਾ ਹੈ, ਅਦਾਲਤ ਦੇ ਸਾਹਮਣੇ ਪੇਸ਼ ਕਰਨ ਦਾ ਵਾਜਬ ਮੌਕਾ ਦਿੱਤਾ ਗਿਆ ਹੋਵੇ।

*ਕ੍ਰਿਮੀਨਲ ਕੋਡ* ਦਾ ਸੈਕਸ਼ਨ 718.2 ਵਿਵਸਥਾ ਕਰਦਾ ਹੈ ਕਿ ਆਪਣੇ ਪਤੀ/ਪਤਨੀ, ਕਾਮਨ ਲਾਅ ਸਾਥੀ ਜਾਂ ਬੱਚੇ ਨਾਲ ਦੁਰਾਚਾਰ ਸਜ਼ਾ ਦੇਣ 'ਚ ਇਕ ਉਤੇਜਕ ਕਾਰਕ ਹੈ।

ਜਿੱਥੇ ਪ੍ਰੋਬੇਸ਼ਨ ਢੁਕਵੀ ਹੋਵੇ, ਸਰਕਾਰੀ ਵਕੀਲ ਨੂੰ ਅਜਿਹੀਆਂ ਸ਼ਰਤਾਂ ਦੀ ਮੰਗ ਕਰਨੀ ਚਾਹੀਦੀ ਹੈ ਜਿਹੜੀਆਂ ਪੀੜਤ ਵਿਅਕਤੀ ਦੀ ਸੁਰੱਖਿਆ ਕਰ ਸਕਣ। ਇਨ੍ਹਾਂ 'ਚ "ਸੰਪਰਕ ਨਾ ਕਰਨਾ" ਅਤੇ ਰਿਪੋਰਟ ਕਰਨ ਦੀ ਜ਼ਰੂਰਤ ਸ਼ਾਮਲ ਹੋ ਸਕਦੇ ਹਨ, ਇਨ੍ਹਾਂ ਦੇ ਨਾਲ ਹੀ ਹਮਲਾਵਰੀ ਵਰਤਾਉ ਪ੍ਰੋਗਰਾਮ ਨੂੰ ਸਫਲਤਾ ਸਹਿਤ ਪੂਰਾ ਕਰਨਾ ਸ਼ਾਮਲ ਹੋ ਸਕਦਾ ਹੈ।

ਸਰਕਾਰੀ ਵਕੀਲ ਨੂੰ ਅਪਰਾਧੀ ਵੱਲੋਂ ਕੁਰੈਕਸ਼ਨ ਬਰਾਂਚ ਵੱਲੋਂ ਪੇਸ਼ ਕੀਤੇ ਜਾਂਦੇ ਪ੍ਰੋਗਰਾਮ "ਰਿਲੇਸ਼ਨਸ਼ਿੱਪ ਵਾਇਉਲੈਂਸ ਪ੍ਰੀਵੈਂਟਿਵ ਪ੍ਰੋਗਰਾਮ" (ਵੇਖੋ ਅੰਤਿਕਾ ਏ) 'ਚ ਸ਼ਾਮਲ ਹੋਣ ਦੀ ਜ਼ਰੂਰਤ 'ਤੇ ਵਿਚਾਰ ਕਰ ਲੈਣਾ ਚਾਹੀਦਾ ਹੈ ਅਤੇ ਜੇਕਰ ਢੁਕਵਾਂ ਹੋਵੇ ਤਾਂ ਇਕ ਪ੍ਰੀ-ਸੈਂਟੈਂਸ ਰਿਪੋਰਟ ਲਈ ਬੇਨਤੀ ਕਰਨੀ ਚਾਹੀਦੀ ਹੈ।

ਸਰਕਾਰੀ ਵਕੀਲ ਨੂੰ ਸੈਕਸ਼ਨ 743.21 ਦੇ ਤਹਿਤ ਅਪਰਾਧੀ ਨੂੰ ਸਜ਼ਾ ਦੇ ਨਿਗਰਾਨੀ ਵਾਲੇ ਸਮੇਂ ਦੌਰਾਨ ਕਿਸੇ ਪੀੜਤ ਵਿਅਕਤੀ ਜਾਂ ਗਵਾਹ ਨਾਲ ਸਿੱਧਾ ਜਾਂ ਅਸਿੱਧਾ ਸੰਪਰਕ ਕਰਨ ਦੀ ਮਨਾਹੀ ਵਾਸਤੇ ਹੁਕਮ ਲੈਣ ਲਈ ਬੇਨਤੀ ਕਰਨ ਬਾਰੇ ਵਿਚਾਰ ਕਰਨਾ ਚਾਹੀਦਾ ਹੈ।

ਸਰਕਾਰੀ ਵਕੀਲ ਨੂੰ ਇਹ ਵਿਚਾਰ ਲੈਣਾ ਚਾਹੀਦਾ ਹੈ ਕਿ ਆਇਆ *ਕ੍ਰਿਮੀਨਲ ਕੋਡ* ਦੇ ਸੈਕਸ਼ਨ 109 ਜਾਂ 110 ਦੇ ਤਹਿਤ ਹਥਿਆਰ ਰੱਖਣ ਦੀ ਮਨਾਹੀ ਜ਼ਰੂਰੀ ਹੈ। ਹਥਿਆਰਾਂ ਦੀ ਮਨਾਹੀ 'ਚ ਸੈਕਸ਼ਨ 109, 110 ਜਾਂ 810(3.1) 'ਚ ਦਰਜ ਸੂਚੀ ਵਿਚਲੀਆਂ ਚੀਜ਼ਾਂ ਅਤੇ ਨਾਲ ਹੀ ਨਕਲੀ ਹਥਿਆਰ ਵੀ ਸ਼ਾਮਲ ਹੋਣੇ ਚਾਹੀਦੇ ਹਨ।

ਸਰਕਾਰੀ ਵਕੀਲ ਨੂੰ ਸੈਕਸ਼ਨ 114 ਦੇ ਤਹਿਤ ਇਹ ਹੁਕਮ ਲੈਣ ਲਈ ਵੀ ਮੰਗ ਕਰਨੀ ਚਾਹੀਦੀ ਹੈ ਕਿ ਹਥਿਆਰਾਂ ਦਾ ਲਾਇਸੈਂਸ ਵੀ ਉਸੇ ਸਮੇਂ ਸਪੁਰਦ ਕੀਤਾ ਜਾਵੇ ਜਦੋਂ ਸੈਕਸ਼ਨ 115 ਦੇ ਤਹਿਤ (ਜਿਥੇ ਕਿ ਮਨਾਹੀ ਦਾ ਇਕ ਹੁਕਮ ਦੇ ਦਿੱਤਾ ਗਿਆ ਹੋਵੇ) ਹਥਿਆਰ ਜ਼ਬਤ ਕੀਤੇ ਜਾਂਦੇ ਹਨ। ਜਦੋਂ ਕਿ ਸੈਕਸ਼ਨ 116 ਵਿਵਸਥਾ ਕਰਦਾ ਹੈ ਕਿ ਜਦੋਂ ਮਨਾਹੀ ਦਾ ਹੁਕਮ ਦੇ ਦਿੱਤਾ ਗਿਆ ਹੁੰਦਾ ਹੈ ਤਾਂ ਲਾਇਸੈਂਸ/ਰਜਿਸਟਰੇਸ਼ਨ ਆਪਣੇ ਆਪ ਰੱਦ ਹੋ ਜਾਂਦੇ ਹਨ, ਪਰ ਇਲੈਕਟ੍ਰਾਨਿਕ ਰਜਿਸਟਰੇਸ਼ਨ ਸਿਸਟਮ 'ਤੇ ਮਨਾਹੀ ਦੇ ਤੱਥ ਦਿਖਾਈ ਦੇਣ ਨੂੰ ਕੁਝ ਸਮਾਂ ਲੱਗ ਸਕਦਾ ਹੈ ਅਤੇ

**ਅਪਰਾਧੀ ਲਾਇਸੈਂਸ ਦੀ ਸਪੁਰਦਗੀ ਤੱਕ ਦੇ ਸਮੇਂ 'ਚ ਉਸ ਲਾਇਸੈਂਸ ਤਹਿਤ ਹੋਰ ਅਸਲਾ ਲੈ ਸਕਣ ਦੀ ਸਥਿਤੀ ਨਹੀਂ ਹੋਣਾ ਚਾਹੀਦਾ ਹੈ।**

**ਗੱਲਬਾਤ**

ਸ਼ਨਾਖਤ ਕੀਤੇ ਖਤਰਾ ਕਾਰਕ ( B-Safer Risk Assessment Tool 'ਚੋਂ)

ਖਤਰੇ ਦੇ ਮੁਲਾਂਕਣ ਦੀਆਂ ਗਾਈਡਲਾਈਨਾਂ ਅਪਰਾਧੀ ਨਾਲ ਸਬੰਧਤ ਦਸ ਆਮ, ਮੰਨੇ ਹੋਏ ਕਾਰਕਾਂ 'ਤੇ ਧਿਆਨ ਦਿੰਦੀ ਹੈ, ਜਿੰਨ੍ਹਾਂ 'ਚ ਸ਼ਾਮਲ ਹਨ ਕਿ ਆਇਆ ਉਨ੍ਹਾਂ ਦੇ ਇਤਿਹਾਸ 'ਚ ਸਬੰਧਾਂ ਦੀਆਂ ਸਮੱਸਿਆਵਾਂ ਰਹੀਆਂ ਹਨ। ਗੰਭੀਰ ਸਰੀਰਕ ਜਾਂ ਜਿਨਸੀ ਹਿੰਸਾ, ਹੋਰ ਫੌਜਦਾਰੀ ਸ਼ਮੂਲੀਅਤਾਂ, ਨਸ਼ਿਆਂ ਦਾ ਸੇਵਨ ਅਤੇ ਨੌਕਰੀ ਦੀਆਂ ਜਾਂ ਵਿੱਤੀ ਸਮੱਸਿਆਵਾਂ ਇਹ ਪੀੜਤ ਵਿਅਕਤੀ ਦੇ ਕਮਜ਼ੋਰ ਹੋਣ ਨਾਲ ਸਬੰਧਤ ਪੰਜ ਖਤਰਾ ਕਾਰਕਾਂ ਦੀ ਵੀ ਪਛਾਣ ਕਰਦੀ ਹੈ।

ਇਹ ਖਤਰਾ ਕਾਰਕ ਹਨ:

*ਨਿਕਟ ਸਾਥੀ ਹਿੰਸਾ (ਨਿਕਟ ਸਾਥੀ ਹਿੰਸਾ ਦਾ ਪਿਛੋਕੜ)*

1. ਹਿੰਸਕ ਕਾਰਜ
2. ਹਿੰਸਕ ਧਮਕੀਆਂ
3. ਵਾਧਾ
4. ਅਦਾਲਤੀ ਹੁਕਮਾਂ ਦੀ ਉਲੰਘਣਾ
5. ਹਿੰਸਕ ਰਵੱਈਆ

*ਮਨੋਸਾਮਾਜਿਕ ਅਨੁਕੂਲਣ (ਅਪਰਾਧੀ ਦੇ ਮਨੋਵਿਗਿਆਨਕ ਅਤੇ ਸਾਮਾਜਿਕ ਕਾਰਜ ਅਮਲ ਦੇ ਇਤਿਹਾਸ ਨਾਲ ਸਬੰਧਤ ਖਤਰਾ ਕਾਰਕ)*

6. ਆਮ ਮੁਜ਼ਰਮਾਨਾਂ ਰੁਚੀ
7. ਨਿਕਟ ਸਬੰਧਾਂ 'ਚ ਸਮੱਸਿਆਵਾਂ
8. ਨੌਕਰੀ ਦੀਆਂ ਸਮੱਸਿਆਵਾਂ
9. ਨਸ਼ਿਆਂ ਦੀ ਵਰਤੋਂ ਦੀ ਸਮੱਸਿਆ
10. ਮਾਨਸਿਕ ਸਿਹਤ ਸਮੱਸਿਆਵਾਂ

*ਪੀੜਤ ਵਿਅਕਤੀ ਦੀ ਕਮਜ਼ੋਰੀ ਦੇ ਕਾਰਕ*

11. ਬੇਤਰਤੀਬਾ ਰਵੱਈਆ ਜਾਂ ਵਿਉਹਾਰ
12. ਅਪਰਾਧੀ ਦਾ ਅਤਿ ਦਾ ਡਰ
13. ਨਾਕਾਫੀ ਸਹਾਇਤਾ ਜਾਂ ਸਰੋਤ
14. ਰਹਿਣ ਦੀਆਂ ਅਣਸੁਰੱਖਿਅਤ ਸਥਿਤੀਆਂ
15. ਸਿਹਤ ਸਮੱਸਿਆਵਾਂ

# ਅੰਤਿਕਾ ਏ

## ਕੁਰੈਕਸ਼ਨਜ਼ ਬਰਾਂਚ ਰਿਲੇਸ਼ਨਸ਼ਿੱਪ ਵਾਇਉਲੈਂਸ ਪ੍ਰੀਵੈਂਸ਼ਨ ਪ੍ਰੋਗਰਾਮ

ਕੁਰੈਕਸ਼ਨਜ਼ ਬਰਾਂਚ ਸਜ਼ਾ ਮਿਲੇ ਦਰਮਿਆਨੇ ਤੇ ਉੱਚੇ ਖਤਰੇ ਵਾਲੇ ਘਰੇਲੂ ਹਿੰਸਾ ਅਪਰਾਧੀਆਂ ਨੂੰ ਸੂਬੇ ਭਰ 'ਚ *ਰਿਲੇਸ਼ਨਸ਼ਿੱਪ ਵਾਇਉਲੈਂਸ ਪ੍ਰੀਵੈਂਸ਼ਨ ਪ੍ਰੋਗਰਾਮ* ਮੁਹੱਈਆ ਕਰਦੀ ਹੈ ਜਿਹੜਾ ਅਦਾਲਤੀ ਹੁਕਮਾਂ ਦੁਆਰਾ ਲੈਣਾ ਪੈਂਦਾ ਹੈ। ਪ੍ਰੋਗਰਾਮ ਉਪਰੋਥਲੀ ਦੋ ਹਿੱਸਿਆ ਦਾ ਬਣਿਆ ਹੈ: *ਰਿਸਪੈਕਟਫੁੱਲ ਰਿਲੇਸ਼ਨਸ਼ਿੱਪਸ* ਇਕ 10 ਹਫਤਿਆਂ ਦਾ ਪ੍ਰੋਗਰਾਮ ਹੈ ਜਿਹੜਾ ਕੁਰੈਕਸ਼ਨਜ਼ ਬਰਾਂਚ ਦੇ ਸਟਾਫ ਵੱਲੋਂ ਦਿੱਤਾ ਜਾਂਦਾ ਹੈ। ਇਸ ਉਪਰੰਤ ਦੂਸਰਾ *ਰਿਲੇਸ਼ਨਸ਼ਿੱਪ ਵਾਇਉਲੈਂਸ ਪ੍ਰੋਗਰਾਮ* ਹੈ ਜਿਹੜਾ 17 ਹਫਤਿਆਂ ਦਾ ਹੈ ਅਤੇ ਜਿਹੜਾ ਠੇਕੇ ਦੇ ਸੇਵਾ ਪ੍ਰਦਾਤਿਆਂ ਦੁਆਰਾ ਦਿੱਤਾ ਜਾਂਦਾ ਹੈ।

*ਰਿਸਪੈਕਟਫੁੱਲ ਰਿਲੇਸ਼ਨਸ਼ਿੱਪ* ਅਤੇ *ਰਿਲੇਸ਼ਨਸ਼ਿੱਪ ਵਾਇਉਲੈਂਸ ਪ੍ਰੋਗਰਾਮ* ਦੀ ਇੱਕਠੀ ਲੰਬਾਈ 27 ਹਫਤੇ (ਤਕਰੀਬਨ 6.5 ਮਹੀਨੇ) ਹੈ। ਪ੍ਰੋਗਰਾਮ ਦੀ ਸਮਾਂ ਸੂਚੀ ਬਾਰੇ ਅਸਲੀਅਤ ਨੂੰ ਧਿਆਨ 'ਚ ਰੱਖਦਿਆਂ ਦੋਹਾਂ ਪ੍ਰੋਗਰਾਮਾਂ ਨੂੰ ਪੂਰੇ ਕਰਨ ਨੂੰ ਯਕੀਨੀ ਬਣਾਉਣ ਲਈ ਕਮਿਊਨਿਟੀ ਨਿਗਰਾਨੀ ਦੇ ਘੱਟੋ ਘੱਟ 1 ਸਾਲ ਦੇ ਸਮੇਂ ਦੀ ਸਿਫਾਰਸ਼ ਕੀਤੀ ਜਾਂਦੀ ਹੈ।

## ਅੰਤਿਕਾ ਬੀ

ਘਰੇਲੂ ਹਿੰਸਾ ਦੀ ਕਮਿਊਨਿਟੀ ਨਿਗਰਾਨੀ ਲਈ ਉੱਤਮ ਵਿਵਹਾਰ ਅਤੇ ਸਿਧਾਂਤ

ਘਰੇਲੂ ਹਿੰਸਾ ਦੇ ਸੰਚਾਲਕ ਕਾਰਨ ਹੋਰ ਜ਼ੁਰਮਾਂ ਨਾਲੋਂ ਬਹੁਤ ਮਾਤਰਾ 'ਚ ਵੱਖਰੇ ਹਨ ਕਿਉਂਕਿ

- ਸ਼ਿਕਾਇਤ ਕਰਤਾ ਪਹਿਲਾਂ ਹੀ ਜਾਣਿਆਂ ਪਛਾਣਿਆਂ ਹੁੰਦਾ ਹੈ;
- ਹਿੰਸਾ ਮੁੜ ਵਾਪਰਨ ਦੀ ਸੰਭਾਵਨਾ ਆਮ ਹੈ ਅਤੇ ਅਕਸਰ ਅਨੁਮਾਨਸ਼ੀਲ ਹੁੰਦੀ ਹੈ; ਅਤੇ
- ਨਿਆਂ ਪ੍ਰਬੰਧ ਅਤੇ ਸ਼ਿਕਾਇਤ ਕਰਤਾ ਦਰਮਿਆਨ ਅੰਤਰ-ਪ੍ਰਕਿਰਿਆ ਵਿਸ਼ੇਸ਼ ਕਰਕੇ ਜਟਿਲ ਹੁੰਦੀ ਹੈ।

ਸਿਫਾਰਸ਼ ਕੀਤੀਆਂ ਗਈਆਂ ਸ਼੍ਰੇਣੀਆਂ ਅਤੇ ਕਮਿਊਨਿਟੀਆਂ ਨਿਗਰਾਨੀ ਦੀਆਂ ਸ਼ਰਤਾਂ ਹੇਠ ਲਿਖਿਆਂ 'ਚ ਮਦਦ ਦੇਣ ਲਈ ਚੁਣੀਆਂ ਗਈਆਂ ਹਨ:

- ਸ਼ਿਕਾਇਤ ਕਰਤਾ/ਕਰਤਿਆਂ, ਉਨ੍ਹਾਂ ਦੇ ਬੱਚਿਆਂ ਅਤੇ ਹੋਰ ਜਿਹੜੇ ਖਤਰੇ 'ਚ ਹੋ ਸਕਦੇ ਹਨ, ਕੀ ਜ਼ਰੂਰੀ ਸੁਰੱਖਿਆ, ਸਮੇਤ ਅਗਾਂਹ ਹੋਰ ਅਪਰਾਧਾਂ, ਡਰਾਉਣ ਧਮਕਾਉਣ ਅਤੇ ਪਰੇਸ਼ਾਨੀ ਦੀ ਰੋਕਾਥਾਮ;
- ਬਣਾਏ ਗਏ ਹੁਕਮ ਜਿਹੜੇ ਕੇਸ ਦੇ ਹਾਲਤ ਅਤੇ ਹਰੇਕ ਵਿਅਕਤੀਗਤ ਕੇਸ ਦੇ ਖਤਰੇ ਕਾਰਕਾਂ ਦੇ ਸਬੰਧ 'ਚ ਸਮਝਣਯੋਗ ਹਨ, ਲਾਗੂ ਕਰਨ ਯੋਗ ਅਤੇ ਵਿਵਹਾਰ 'ਚ ਪੂਰੇ ਕਰਨ ਯੋਗ ਹੋਣ;
- ਸ਼ਰਤਾਂ ਦੀ ਸਪੱਸ਼ਟ ਸ਼ਬਦਾਵਲੀ, ਜਿਹੜੀ ਦੋਸ਼ੀ/ਅਪਰਾਧੀ ਦੀਆਂ ਜ਼ਿੰਮੇਵਾਰੀਆਂ ਅਤੇ ਮਨਾਹੀਆਂ 'ਤੇ ਜ਼ੋਰ ਦਿੰਦੀ ਹੋਵੇ; ਅਤੇ
- ਪਾਲਣਾ ਨਾ ਕਰਨ ਦੀ ਸੂਰਤ 'ਚ ਕਾਮਯਾਬ ਅਤੇ ਤੇਜ਼ੀ ਨਾਲ ਲਾਗੂ ਕਰਨ ਯੋਗ ਹੋਣ।

ਇਹ ਸ਼੍ਰੇਣੀਆਂ ਅਤੇ ਸ਼ਰਤਾਂ ਵਿਸਤ੍ਰਿਤ ਨਹੀਂ ਹਨ, ਪਰ ਸਗੋਂ ਇਹ ਘਰੇਲੂ ਹਿੰਸਾ ਦੇ ਦੋਸ਼ੀਆਂ/ਅਪਰਾਧੀਆਂ ਵੱਲੋਂ ਪੈਦਾ ਹੁੰਦੇ ਖਤਰਿਆਂ ਨਾਲ ਨਿਪਟਣ ਲਈ ਉੱਤਮ ਵਿਵਹਾਰ ਸਿਧਾਂਤਾਂ ਦੇ ਆਧਾਰ 'ਤੇ ਸਿਫਾਰਸ਼ ਕੀਤੀਆਂ ਗਈਆਂ ਹਨ। ਕਿਉਂਕਿ ਘਰੇਲੂ ਹਿੰਸਾ ਦੇ ਹਰੇਕ ਕੇਸ 'ਚ ਨਿਵੇਕਲੀ ਪ੍ਰਕਾਰ ਦੇ ਖਤਰਿਆਂ ਓਤੇ ਹਾਲਾਤ ਦੀ ਸੰਭਾਵਨਾਂ ਹੁੰਦੀ ਹੈ। ਸੋ ਜਵਾਬੀ ਕਾਰਵਾਈ ਵੇਲੇ ਇੰਨ੍ਹਾਂ ਨੂੰ ਲੋੜ ਅੁਨਸਾਰ ਸੋਧ ਲੈਣ ਦੀ ਜ਼ਰੂਰਤ ਹੋ ਸਕਦੀ ਹੈ। ਜਦੋਂ ਸੋਧ ਰਹੇ ਹੋਵੋ ਜਾਂ ਨਿਵੇਕਲੀਆਂ ਸ਼ਰਤਾਂ ਬਣਾ ਰਹੇ ਹੋਵੋ ਤਾਂ ਹਰੇਕ ਸ਼ਰਤ ਖੇਤਰ ਅਤੇ ਉੱਤਮ ਵਿਵਹਾਰ ਸਿਧਾਂਤ, ਜੋ ਉਨ੍ਹਾਂ 'ਚੋਂ ਸਪੱਸ਼ਟ ਹੁੰਦੇ ਹਨ, ਉਨ੍ਹਾਂ ਨੂੰ ਧਿਆਨ ਨਾਲ ਵਿਚਾਰ ਲੈਣਾ ਮਹੱਤਵਪੂਰਨ ਹੈ। ਅੰਤ ਨੂੰ, ਇਹ ਸੁਝਾਉ ਹਨ, ਪਰ ਇਹ ਸਰਕਾਰ ਜਾਂ ਅਦਾਲਤ ਦੀ ਆਪਣੇ ਅਖਤਿਆਰ ਦੀ ਵਰਤੋਂ 'ਤੇ ਠੋਸੇ ਜਾਣ ਵਾਲੇ ਨਹੀਂ ਓਤੇ ਹਰੇਕ ਕੇਸ 'ਚ ਸਰਕਾਰ ਇਸ ਗੱਲ ਲਈ ਜ਼ਿੰਮੇਵਾਰ ਹੈ ਕਿ ਉਹ ਕਾਰਨ ਵਿਖਾਏ ਕਿ ਵਧੇਰੇ ਮਨਾਹੀਆਂ ਵਾਲੀਆਂ ਜ਼ਮਾਨਤ ਦੀਆਂ ਸ਼ਰਤਾਂ ਕਿਵੇਂ ਵਾਜਬ ਹਨ।

### 1. ਆਮ/ਵਿਧਾਨਕ ਸ਼ਰਤਾਂ

ਇਹ ਸ਼ਰਤਾਂ ਜ਼ਮਾਨਤ ਅਤੇ 810 ਮੁਚੱਲਕਾ ਹੁਕਮਾਂ (ਪ੍ਰੋਬੇਸ਼ਨ ਅਤੇ ਬਾਸ਼ਰਤ ਸਜ਼ਾ ਦੇ ਹੁਕਮਾਂ ਦੀਆਂ ਜ਼ਰੂਰੀ ਸ਼ਰਤਾਂ ਵਜੋਂ ਮੌਜੂਦ ਹੁੰਦੀਆਂ ਹਨ) 'ਚ ਸ਼ਾਮਲ ਕਰਨ ਲਈ ਵਿਚਾਰੀਆਂ ਜਾਣੀਆਂ ਚਾਹੀਦੀਆਂ ਹਨ।

- ਤੁਹਾਨੂੰ ਸ਼ਾਂਤੀ ਬਣਾਈ ਰੱਖਣੀ, ਅਤੇ ਚੰਗੇ ਵਿਵਹਾਰ ਵਾਲੇ ਬਣਨਾਂ ਚਾਹੀਦਾ ਹੈ।
- ਤੁਹਾਨੂੰ ਅਦਾਲਤ ਸਾਹਮਣੇ ਪੇਸ਼ ਹੋਣਾ ਚਾਹੀਦਾ ਹੈ ਜਦੋਂ ਅਦਾਲਤ ਵੱਲੋਂ ਅਜਿਹਾ ਕਰਨ ਲਈ ਆਖਿਆ ਜਾਵੇ।
- ਤੁਹਾਨੂੰ ਅਦਾਲਤ ਨੂੰ ਜਾਂ **(ਜ਼ਮਾਨਤ ਨਿਗਰਾਨ/ਪ੍ਰੋਬੇਸ਼ਨ ਅਫਸਰ/ਬਾਸ਼ਰਤ ਸਜ਼ਾ ਨਿਗਾਰਨ)** ਨੂੰ ਆਪਣੇ ਨਾਂ ਜਾਂ ਪਤੇ 'ਚ ਹੁੰਦੀ ਕਿਸੇ ਵੀ ਤਬਦੀਲੀ ਬਾਰੇ ਅਗਾਊਂ ਸੂਚਿਤ ਕਰਨਾਂ ਚਾਹੀਦਾ ਹੈ ਅਤੇ ਅਦਾਲਤ ਨੂੰ ਜਾਂ **(ਜ਼ਮਾਨਤ ਨਿਗਰਾਨ/ਪ੍ਰੋਬੇਸ਼ਨ ਅਫਸਰ/ਬਾਸ਼ਰਤ ਸਜ਼ਾ ਨਿਗਰਾਨ)** ਨੂੰ ਆਪਣੀ ਨੌਕਰੀ ਜਾਂ ਕਿੱਤੇ 'ਚ ਹੁੰਦੀ ਕਿਸੇ ਵੀ ਤਬਦੀਲੀ ਬਾਰੇ ਝਟਪਟ ਸੂਚਿਤ ਕਰਨਾਂ ਚਾਹੀਦਾ ਹੈ।
- ਤੁਹਾਨੂੰ ਬ੍ਰਿਟਿਸ਼ ਕੁਲੰਬੀਆ ਸੂਬੇ 'ਚ ਰਹਿਣਾ ਚਾਹੀਦਾ ਹੈ ਜਦ ਤੱਕ ਤੁਹਾਨੂੰ ਅਦਾਲਤ ਵੱਲੋਂ ਜਾਂ **(ਜ਼ਮਾਨਤ ਨਿਗਰਾਨ/ਪ੍ਰੋਬੇਸ਼ਨ ਅਫਸਰ/ਬਾਸ਼ਰਤ ਸਜ਼ਾ ਨਿਗਰਾਨ)** ਵੱਲੋਂ ਪਹਿਲਾਂ ਲਿਖਤੀ ਆਗਿਆ ਨਹੀਂ ਮਿਲ ਜਾਂਦੀ।

## 2. ਰਿਪੋਰਟ ਕਰਨ ਦੀਆਂ ਸ਼ਰਤਾਂ

ਅਦਾਲਤ ਵੱਲੋਂ ਠੋਸੀਆਂ ਗਈਆਂ ਸ਼ਰਤਾਂ ਦੇ ਮੰਨਣ ਨੂੰ ਵਾਚਣ ਲਈ ਅਤੇ ਖਤਰੇ ਤੇ ਲੋੜਾਂ ਦੇ ਪ੍ਰਬੰਧ ਵਾਸਤੇ ਅਜਿਹੀਆਂ ਸ਼ਰਤਾਂ ਨੂੰ ਲਾਗੂ ਕੀਤਾ ਜਾਣਾ ਜ਼ਰੂਰੀ ਹੈ ਜਿੰਨ੍ਹਾਂ ਅਨੁਸਾਰ ਦੋਸ਼ੀ/ਅਪਰਾਧੀ ਦੀ ਕਮਿਊਨਿਟੀ ਕੁਰੈਕਸ਼ਨਜ਼ ਵੱਲੋਂ ਨਿਗਾਰਨੀ ਰੱਖੇ ਜਾਣ ਦੀ ਜ਼ਰੂਰਤ ਹੋਵੇ।

- ਤੁਹਾਨੂੰ ਜਾਤੀ ਤੌਰ ‘ਤੇ ਜ਼ਮਾਨਤ ਨਿਗਾਰਨ ਕੋਲ **(ਪ੍ਰੋਬੇਸ਼ਨ ਦਫਤਰ ਦਾ ਪਤਾ)** ‘ਤੇ, **(ਅਦਾਲਤ ਵੱਲੋਂ ਦੱਸੀ ਗਈ ਤਰੀਕ ‘ਤੇ ਸਵੇਰ/ਸ਼ਾਮ ਤੋਂ ਪਹਿਲਾਂ/ਇਸ ਹੁਕਮ ਦੇ ਦਿੱਤੇ ਜਾਣ ਦੇ ਦੋ ਕੰਮਕਾਰੀ ਦਿਨਾਂ ਦੇ ਅੰਦਰ ਅੰਦਰ)**, ਅਤੇ ਇਸ ਤੋਂ ਮਗਰੋਂ ਜਿਵੇਂ ਤੇ ਜਦੋਂ ਜ਼ਮਾਨਤ ਨਿਗਰਾਨ ਵੱਲੋਂ, ਨਿਰਦੇਸ਼ ਦਿੱਤਾ ਜਾਵੇ, ਪੇਸ਼ ਹੋਣਾ ਹੋਵੇਗਾ। ਜੇਕਰ ਇਸ ਹੁਕਮ ਦੇ ਪੁੱਗ ਜਾਣ ਤੋਂ ਪਹਿਲਾਂ ਕਿਸੇ ਵੀ ਸਮੇਂ ਤੁਹਾਨੂੰ ਕਿਸੇ ਹੋਰ ਦੋਸ਼ ਕਾਰਨ ਗ੍ਰਿਫਤਾਰ, ਨਜ਼ਰਬੰਦ ਕੀਤਾ ਜਾਂਦਾ ਜਾਂ ਤੁਸੀਂ ਕੋਈ ਸਜ਼ਾ ਭੁਗਤੀ ਹੈ, ਤਾਂ ਤੁਹਾਨੂੰ ਹਿਰਾਸਤ ‘ਚੋਂ ਰਿਹਾਅ ਹੋਣ ਦੇ ਦੋ ਕੰਮਕਾਰੀ ਦਿਨਾਂ ਦੇ ਅੰਦਰ ਅੰਦਰ ਜ਼ਮਾਨਤ ਨਿਗਰਾਨ ਕੋਲ ਪੇਸ਼ ਹੋਣਾ ਹੋਵੇਗਾ।
- ਤੁਹਾਨੂੰ ਜਾਤੀ ਤੌਰ ‘ਤੇ ਪ੍ਰੋਬੇਸ਼ਨ ਅਫਸਰ ਕੋਲ (ਪ੍ਰੋਬੇਸ਼ਨ ਦਫਤਰ ਦਾ ਪਤਾ) ‘ਤੇ **(ਸਵੇਰ/ਸ਼ਾਮ ਤੋਂ ਪਹਿਲਾਂ---- ਅਦਾਲਤ ਵੱਲੋਂ ਦੱਸੀ ਗਈ ਤਰੀਕ ‘ਤੇ / ਇਸ ਪ੍ਰੋਬੇਸ਼ਨ ਹੁਕਮ ਦੇ ਦਿੱਤੇ ਜਾਣ ਤੋਂ ਮਗਰੋਂ ਦੋ ਕੰਮਕਾਰੀ ਦਿਨਾਂ ਦੇ ਅੰਦਰ ਅੰਦਰ/ਹਿਰਾਸਤ ‘ਚੋਂ ਰਿਹਾਅ ਹੋਣ ਦੇ ਮਗਰੋਂ ਦੋ ਕੰਮਕਾਰੀ ਦਿਨਾਂ ਦੇ ਅੰਦਰ ਅੰਦਰ/ ਆਪਣੀ ਬਾਸ਼ਰਤ ਸਜ਼ਾ ਦੇ ਹੁਕਮ ਦੇ ਪੁੱਗਣ ਮਗਰੋਂ ਦੋ ਕੰਮਕਾਰੀ ਦਿਨਾਂ ਦੇ ਅੰਦਰ ਅੰਦਰ)** ਅਤੇ ਇਸ ਤੋਂ ਮਗਰੋਂ ਜਿਵੇਂ ਤੇ ਜਦੋਂ ਨਿਗਰਾਨ ਵੱਲੋਂ ਨਿਰਦੇਸ਼ ਦਿੱਤਾ ਜਾਵੇ ਪੇਸ਼ ਹੋਣਾ ਹੋਵੇਗਾ। ਜੇਕਰ ਇਸ ਹੁਕਮ ਦੇ ਪੁੱਗ ਜਾਣ ਤੋਂ ਪਹਿਲਾਂ ਕਿਸੇ ਵੀ ਸਮੇਂ ਤੁਹਾਨੂੰ ਕਿਸੇ ਹੋਰ ਦੋਸ਼ ਕਾਰਨ ਗ੍ਰਿਫਤਾਰ ਨਜ਼ਰਬੰਦ ਕੀਤਾ ਜਾਂਦਾ ਹੈ ਜਾਂ ਤੁਸੀਂ ਕੋਈ ਸਜ਼ਾ ਭੁਗਤੀ ਹੈ, ਤਾਂ ਤੁਹਾਨੂੰ ਹਿਰਾਸਤ ‘ਚੋਂ ਰਿਹਾਅ ਹੋਣ ਦੇ ਮਗਰੋਂ 2 ਕੰਮਕਾਰੀ ਦਿਨਾਂ ਦੇ ਅੰਦਰ ਅੰਦਰ ਪ੍ਰੋਬੇਸ਼ਨ ਅਫਸਰ ਕੋਲ ਪੇਸ਼ ਹੋਣਾ ਹੋਵੇਗਾ।
- ਤੁਹਾਨੂੰ ਜਾਤੀ ਤੌਰ ‘ਤੇ ਬਾਸ਼ਰਤ ਸਜ਼ਾ ਨਿਗਰਾਨ ਕੋਲ (ਪ੍ਰੋਬੇਸ਼ਨ ਦਫਤਰ ਦਾ ਪਤਾ) ‘ਤੇ **(ਸਵੇਰ/ਸ਼ਾਮ ਤੋਂ ਪਹਿਲਾਂ---- ਅਦਾਲਤ ਵੱਲੋਂ ਦੱਸੀ ਗਈ ਤਰੀਕ ‘ਤੇ / ਇਸ ਬਾਸ਼ਰਤ ਸਜ਼ਾ ਦੇ ਹੁਕਮ ਦਿੱਤੇ ਜਾਣ ਤੋਂ ਮਗਰੋਂ ਦੋ ਕੰਮਕਾਰੀ ਦਿਨਾਂ ਦੇ ਅੰਦਰ ਅੰਦਰ/ਹਿਰਾਸਤ ‘ਚੋਂ ਰਿਹਾਅ ਹੋਣ ਦੇ ਮਗਰੋਂ ਦੋ ਕੰਮਕਾਰੀ ਦਿਨਾਂ ਦੇ ਅੰਦਰ ਅੰਦਰ/ ਆਪਣੀ ਬਾਸ਼ਰਤ ਸਜ਼ਾ ਦੇ ਹੁਕਮ ਦੇ ਪੁੱਗਣ ਮਗਰੋਂ ਦੋ ਕੰਮਕਾਰੀ ਦਿਨਾਂ ਦੇ ਅੰਦਰ ਅੰਦਰ)** ਅਤੇ ਇਸ ਤੋਂ ਮਗਰੋਂ ਜਿਵੇਂ ਤੇ ਜਦੋਂ ਨਿਗਰਾਨ ਵੱਲੋਂ ਨਿਰਦੇਸ਼ ਦਿੱਤਾ ਜਾਵੇ ਪੇਸ਼ ਹੋਣਾ ਹੋਵੇਗਾ। ਜੇਕਰ ਇਸ ਹੁਕਮ ਦੇ ਪੁੱਗ ਜਾਣ ਤੋਂ ਪਹਿਲਾਂ ਕਿਸੇ ਵੀ ਸਮੇਂ ਤੁਹਾਨੂੰ ਕਿਸੇ ਹੋਰ ਦੋਸ਼ ਕਾਰਨ ਗ੍ਰਿਫਤਾਰ ਨਜ਼ਰਬੰਦ ਕੀਤਾ ਜਾਂਦਾ ਹੈ ਜਾਂ ਤੁਸੀਂ ਕੋਈ ਸਜ਼ਾ ਭੁਗਤੀ ਹੈ, ਤਾਂ ਤੁਹਾਨੂੰ ਹਿਰਾਸਤ ‘ਚੋਂ ਰਿਹਾਅ ਹੋਣ ਦੇ ਮਗਰੋਂ 2 ਕੰਮਕਾਰੀ ਦਿਨਾਂ ਦੇ ਅੰਦਰ ਅੰਦਰ ਬਾਸ਼ਰਤ ਸਜ਼ਾ ਨਿਗਾਰਨ ਕੋਲ ਪੇਸ਼ ਹੋਣਾ ਹੋਵੇਗਾ।

## 3. ਰਿਹਾਇਸ਼ ਸਬੰਧੀ ਸ਼ਰਤਾਂ

ਰਿਹਾਇਸ਼ ਸਬੰਧੀ ਪਾਬੰਦੀਆਂ ਘਰੇਲੂ ਹਿੰਸਾ ਨਾਲ ਸਬੰਧਤ ਹੁਕਮ ‘ਚ ਸ਼ਾਮਲ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

ਜੇਕਰ ਦੋਸ਼ੀ ਕੋਲੋਂ ਖਤਰੇ ਦੇ ਸਬੰਧ ‘ਚ ਚਿੰਤਾਵਾਂ ਮੌਜੂਦ ਹੋਣ ਅਤੇ ਉਸਦੀ ਰਿਹਾਈ ਤੋਂ ਪਹਿਲਾਂ ਰਿਹਾਇਸ਼ ਦੀ ਪੁਸ਼ਟੀ ਨਾ ਕੀਤੀ ਜਾ ਸਕਦੀ ਹੋਵੇ, ਤਾਂ ਦੋਸ਼ੀ ਨੂੰ ਜ਼ਮਾਨਤ ਦੀ ਉਲੰਘਣਾ ਕਰਨ ਦੇ ਖਤਰੇ ਵਾਲੇ ਵਿਅਕਤੀ ਵਜੋਂ ਵੇਖਿਆ ਜਾਣਾ ਚਾਹੀਦਾ ਹੈ ਅਤੇ ਸਰਕਾਰੀ ਵਕੀਲ ਨੂੰ ਨਜ਼ਰਬੰਦੀ ਦੇ ਹੁਕਮ ਲੈ ਸਕਣ ਵਾਸਤੇ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ।

ਘਰੇਲੂ ਹਿੰਸਾ ਦੇ ਕੇਸਾਂ ਦੀ ਵੱਡੀ ਬਹੁ-ਗਿਣਤੀ ‘ਚ ਦੋਸ਼ੀ ਨੂੰ ਪਰਿਵਾਰ ਕੋਲ ਘਰ ‘ਚ ਮੁੜ ਜਾਣ ਦੀ ਮਨਾਹੀ ਹੋਵੇਗੀ। ਰਿਹਾਇਸ਼ ਸਬੰਧੀ ਸ਼ਰਤਾਂ ਬਣਾਉਣ ਸਮੇਂ ਅਦਾਲਤ ਨੂੰ ਬੇਨਤੀ ਕਰਨੀ/ਮਦਦ ਕਰਨੀ ਜ਼ਰੂਰੀ ਹੈ ਕਿ *ਰਿਹਾਈ ਤੋਂ ਪਹਿਲਾਂ* ਕੋਈ ਖਾਸ ਰਿਹਾਇਸ਼ ਸਪੱਸ਼ਟ/ਮਨਜ਼ੂਰ ਕੀਤੀ ਜਾਵੇ, ਭਾਵੇਂ ਅਸਥਾਈ ਹੀ ਹੋਵੇ, ਤਾਂ ਕਿ ਦੋਸ਼ੀ ਦੀ ਸਪੱਸ਼ਟ ਜ਼ਿੰਮੇਵਾਰੀ ‘ਚ ਮਦਦ ਮਿਲੇ ਅਤੇ ਪਾਲਣਾ ਨਾ ਕਰਨ ਦੀ ਸੂਰਤ ‘ਚ ਤੇਜ਼ੀ ਨਾਲ ਉਨ੍ਹਾਂ ਨੂੰ ਲਾਗੂ ਕੀਤਾ ਜਾ ਸਕੇ।

ਜੇਕਰ ਰਿਹਾਈ ਤੋਂ ਪਹਿਲਾਂ ਕੋਈ ਖਾਸ ਰਿਹਾਇਸ਼ ਨਿਸ਼ਚਿਤ ਨਹੀਂ ਕੀਤੀ ਜਾ ਸਕਦੀ ਤਾਂ ਸ਼ਰਤਾਂ ‘ਚ ਕਮਿਊਨਿਟੀ ਕੁਰੈਕਸ਼ਨਜ਼ ਸਪੁਰਵਾਈਜ਼ਰ ਨੂੰ ਰਿਹਾਇਸ਼ ਦੀ ਮਨਜ਼ੂਰੀ ਕਰਨ ਦੇ ਅਧਿਕਾਰ ਦੀ ਵਿਵਸਥਾ ਕੀਤੀ ਜਾਣੀ ਚਾਹੀਦੀ ਹੈ।

- ਤੁਹਾਨੂੰ (**ਖਾਸ ਪਤਾ ਭਰੋ ਜਿਹੜਾ ਅਦਾਲਤ ਵੱਲੋਂ ਮਨਜ਼ੂਰ ਕੀਤਾ ਗਿਆ**) 'ਤੇ ਰਹਿਣਾ ਹੋਵੇਗਾ, ਅਤੇ ਉਸ ਰਿਹਾਇਸ਼ ਨੂੰ **(ਜ਼ਮਾਨਤ ਨਿਗਰਾਨ/ਪ੍ਰੋਬੇਸ਼ਨ ਅਫਸਰੀ ਬਾਸ਼ਰਤ ਸਜ਼ਾ ਨਿਗਰਾਨ)** ਵੱਲੋਂ ਅਗਾਊਂ ਲਿਖਤੀ ਆਗਿਆ ਤੋਂ ਬਗੈਰ ਬਦਲਨਾ ਨਹੀਂ।
- ਤੁਹਾਨੂੰ ਤੁਹਾਡੇ **(ਜ਼ਮਾਨਤ ਨਿਗਰਾਨ/ਪ੍ਰੋਬੇਸ਼ਨ ਅਫਸਰ/ਬਾਸ਼ਰਤ ਸਜ਼ਾ ਨਿਗਰਾਨ)** ਵੱਲੋਂ ਅਗਾਊਂ ਮਨਜ਼ੂਰ ਕੀਤੀ ਗਈ ਰਿਹਾਇਸ਼ 'ਤੇ ਰਹਿਣਾ ਹੋਵੇਗਾ, ਅਤੇ ਉਸ ਰਿਹਾਇਸ਼ ਨੂੰ **(ਜ਼ਮਾਨਤ ਨਿਗਰਾਨ/ਪ੍ਰੋਬਬੇਸ਼ਨ ਅਫਸਰ/ਬਾਸ਼ਰਤ ਸਜ਼ਾ ਨਿਗਰਾਨ)** ਵੱਲੋਂ ਅਗਾਊਂ ਲਿਖਤੀ ਆਗਿਆ ਤੋਂ ਬਗੈਰ ਬਦਲਨਾ ਨਹੀਂ।

## 4. <u>ਕਰਫਿਊ</u>

ਅਪਰਾਧ ਦੇ ਹਾਲਾਤ ਅਤੇ ਦੋਸ਼ੀ/ਅਪਰਾਧੀ ਦੇ ਪਹਿਲਾਂ ਦੇ ਇਤਿਹਾਸ'ਤੇ ਨਿਰਭਰ ਕਰਦਿਆਂ ਕਰਫਿਊ ਦੀਆਂ ਸ਼ਰਤਾਂ ਲਾਉਂਣੀਆਂ ਢੁਕਵੀਆਂ ਅਤੇ ਇਕ ਵਧੀਕ ਸੁਰੱਖਿਆ ਹੋ ਸਕਦੀਆਂ ਹਨ।

- ਤੁਹਾਨੂੰ ਦਿਨ (________ਵਜੇ ਸ਼ਾਮ ਅਤੇ_______ ਵਜੇ ਸਵੇਰ) ਦੇ ਸਮੇਂ ਦਰਮਿਆਨ ਆਪਣੀ ਰਿਹਾਇਸ਼ ਦੇ ਅੰਦਰ ਰਹਿ ਕੇ ਕਰਫਿਊ ਨੂੰ ਮੰਨਣਾ ਹੋਵੇਗਾ, ਹੇਠ ਲਿਖੇ ਤੋਂ ਸਿਵਾਇ:
  - **(ਜ਼ਮਾਨਤ ਨਿਗਰਾਨ/ਪ੍ਰੋਬੇਸ਼ਨ ਅਫਸਰ/ਬਾਸ਼ਰਤ ਸਜ਼ਾ ਨਿਗਰਾਨ)** ਦੀ ਅਗਾਊਂ ਲਿਖਤੀ ਆਗਿਆ ਸਹਿਤ। ਅਜਿਹੀ ਆਗਿਆ ਕੇਵਲ ਨਾ ਟਾਲੇ ਜਾ ਸਕਣ ਵਾਲੇ ਨਿੱਜੀ, ਪਰਿਵਾਰਕ ਜਾਂ ਨੌਕਰੀ ਦੇ ਕਾਰਨਾਂ ਕਰਕੇ ਹੀ ਦਿੱਤੀ ਜਾ ਸਕਦੀ ਹੈ। ਇਹ ਲਿਖਤੀ ਆਗਿਆ ਹਰ ਸਮੇਂ ਆਪਣੇ ਨਾਲ ਰੱਖਣੀ ਹੋਵੇਗੀ ਅਤੇ ਮੰਗ ਕੀਤੇ ਜਾਣ 'ਤੇ ਪੁਲਿਸ ਅਫਸਰ ਨੂੰ ਮੁਹੱਈਆ ਕਰਨੀ ਹੋਵੇਗੀ; ਜਾਂ
  - ਜਦੋਂ ਸਿੱਧੇ ਆਪਣੀ ਨੌਕਰੀ ਵਾਲੀ ਥਾਂ 'ਤੇ ਜਾ ਰਹੇ ਹੋਵੋ ਜਾਂ ਉਥੋਂ ਸਿੱਧੇ ਵਾਪਸ ਮੁੜ ਰਹੇ ਹੋਵੋ ਜਾਂ ਜਦੋਂ ਆਪਣੀ ਨੌਕਰੀ 'ਤੇ ਹੋਵੋ। ਜੇਕਰ ਅਜਿਹਾ ਕਰਨ ਵਾਸਤੇ ਬੇਨਤੀ ਕੀਤੀ ਜਾਂਦੀ ਹੈ ਤਾਂ ਤੁਹਾਨੂੰ **(ਜ਼ਮਾਨਤ ਨਿਗਰਾਨ/ਪ੍ਰੋਬੇਸ਼ਨ ਅਫਸਰ/ਬਾਸ਼ਰਤ ਸਜ਼ਾ ਨਿਗਰਾਨ)** ਨੂੰ ਆਪਣੀ ਨੌਕਰੀ ਦਾ ਲਿਖਤੀ ਸਬੂਤ ਮੁਹੱਈਆ ਕਰਨਾ ਹੋਵੇਗਾ।
- ਤੁਹਾਨੂੰ ਹਰ ਸਮੇਂ ਆਪਣੀ ਰਿਹਾਇਸ਼ ਦੇ ਅੰਦਰ ਰਹਿਣਾ ਹੋਵੇਗਾ ਅਤੇ ਤੁਹਾਨੂੰ ਆਪਣੀ ਰਿਹਾਇਸ਼ ਤੋਂ ਬਾਹਰ ਨਿਕਲਣ ਦੀ ਇਜਾਜ਼ਤ ਨਹੀਂ ਹੋਵੇਗੀ। ਹੇਠ ਲਿਖੇ ਤੋਂ ਸਿਵਾਇ:
  - ਹਰੇਕ ਦਿਨ (________ਵਜੇ ਅਤੇ_______ ਵਜੇ) ਆਪਣੇ ਨਿੱਜੀ ਮਾਮਲਿਆਂ ਦੀ ਖਾਤਰ; ਜਾਂ
  - **(ਜ਼ਮਾਨਤ ਨਿਗਰਾਨ/ਪ੍ਰੋਬੇਸ਼ਨ ਅਫਸਰ/ਬਾਸ਼ਰਤ ਸਜ਼ਾ ਨਿਗਰਾਨ)** ਦੀ ਅਗਾਊਂ ਲਿਖਤੀ ਆਗਿਆ ਸਹਿਤ, ਜਿਹੜੀ ਹਰ ਸਮੇਂ ਤੁਹਾਨੂੰ ਆਪਣੇ ਨਾਲ ਰੱਖਣੀ ਹੋਵੇਗੀ। ਅਜਿਹੀ ਆਗਿਆ ਕੇਵਲ ਨਾ ਟਾਲੇ ਜਾ ਸਕਣ ਵਾਲੇ ਨਿੱਜੀ, ਪਰਿਵਾਰਕ ਜਾਂ ਨੌਕਰੀ ਦੇ ਕਾਰਨਾਂ ਕਰਕੇ ਹੀ ਦਿੱਤੀ ਜਾ ਸਕਦੀ ਹੈ; ਜਾਂ
  - ਜਦੋਂ______________ ਦੇ ਨਾਲ ਹੋਵੋ; ਜਾਂ
  - ਜਦੋਂ ਸਿੱਧੇ ਆਪਣੀ ਨੌਕਰੀ ਵਾਲੀ ਥਾਂ 'ਤੇ ਜਾ ਰਹੇ ਹੋਵੋ ਜਾਂ ਉਥੋਂ ਸਿੱਧੇ ਵਾਪਸ ਮੁੜ ਰਹੇ ਹੋਵੋ ਜਾਂ ਜਦੋਂ ਆਪਣੀ ਨੌਕਰੀ 'ਤੇ ਹੋਵੋ। ਜੇਕਰ ਅਜਿਹਾ ਕਰਨ ਵਾਸਤੇ ਬੇਤਨੀ ਕੀਤੀ ਜਾਂਦੀ ਹੈ ਤਾਂ ਤੁਹਾਨੂੰ **(ਜ਼ਮਾਨਤ ਨਿਗਰਾਨ/ਪ੍ਰੋਬੇਸ਼ਨ ਅਫਸਰ/ਬਾਸ਼ਰਤ ਸਜ਼ਾ ਨਿਗਰਾਨ)** ਨੂੰ ਆਪਣੀ ਨੌਕਰੀ ਦਾ ਲਿਖਤੀ ਸਬੂਤ ਮੁਹੱਈਆ ਕਰਨਾਂ ਹੋਵੇਗਾ।
- ਜਦੋਂ ਕੋਈ ਪੀਸ ਅਫਸਰ, **(ਜ਼ਮਾਨਤ ਨਿਗਰਾਨ/ ਪ੍ਰੋਬੇਸ਼ਨ ਅਫਸਰ/ ਬਾਸ਼ਰਤ ਸਜ਼ਾ ਨਿਗਰਾਨ)** ਤੁਹਾਡੇ ਵੱਲੋਂ ਕਰਫਿਊ/ਇਸ ਹੁਕਮ ਦੀਆਂ ਘਰ 'ਚ ਨਜ਼ਰਬੰਦੀ ਦੀਆਂ ਸ਼ਰਤਾਂ ਦੀ ਪਾਲਣਾ ਬਾਰੇ ਜਾਣਨ ਦੇ ਉਦੇਸ਼ ਨਾਲ ਤੁਹਾਡੀ ਰਿਹਾਇਸ਼ 'ਤੇ ਆਉਂਦਾ ਹੈ ਤਾਂ ਤੁਹਾਨੂੰ ਆਪਣੀ ਰਿਹਾਇਸ਼ ਦੇ ਦਰਵਾਜ਼ੇ 'ਤੇ ਹਾਜ਼ਰ ਹੋਣਾ ਹੋਵੇਗਾ।

## 5. <u>ਏਰੀਏ ਸਬੰਧੀ ਪਾਬੰਦੀਆਂ</u>

ਏਰੀਏ ਸਬੰਧੀ ਪਾਬੰਦੀਆਂ ਘਰੇਲੂ ਹਿੰਸਾ ਨਾਲ ਸਬੰਧਤ ਹਰੇਕ ਹੁਕਮ 'ਚ ਸ਼ਾਮਲ ਕਰਨ ਲਈ ਵਿਚਾਰੀਆਂ ਜਾਣੀਆਂ ਚਾਹੀਦੀਆਂ ਹਨ।

- ਤੁਹਾਨੂੰ (**"ਬਲਾਕਾਂ" ਦੀ ਗਿਣਤੀ ਦੇ ਆਧਾਰ 'ਤੇ ਖਾਸ ਏਰੀਏ ਦਾ ਘੇਰਾ ਭਰੋ**) ਦੇ (**ਖਾਸ ਪਤਾ ਦਰਜ਼ ਕਰੋ**) ਜਾਂ ਜਿਹੜੀ ਜਗਾਹ ਤੁਹਾਨੂੰ ਪਤਾ ਹੈ ਕਿ (**ਵਿਸ਼ੇਸ਼ ਨਾਂ ਭਰੋ**) ਦੀ ਰਿਹਾਇਸ਼, ਸਕੂਲ ਜਾਂ ਕੰਮ ਵਾਲੀ ਥਾਂ ਹੈ, 'ਤੇ ਨਹੀਂ ਜਾਣਾ ਚਾਹੀਦਾ ਜਾਂ ਦੱਸੇ ਘੇਰੇ ਦੇ ਅੰਦਰ ਨਹੀਂ ਹੋਣਾ ਚਾਹੀਦਾ, ਹੇਠ ਲਿਖੇ ਤੋਂ ਸਿਵਾਇ:
    - ਪੀਸ ਅਫਸਰ ਦੇ ਨਾਲ ਹੁੰਦਿਆਂ ਆਪਣੀਆਂ ਨਿੱਜੀ ਵਸਤਾਂ ਚੁੱਕਣ ਲਈ ਇਕ ਵਾਰੀ ਹਾਜ਼ਰੀ; ਜਾਂ
    - ਜਦੋਂ ਤੱਕ (**ਅਧਿਕਾਰਤ ਤੀਜੀ ਧਿਰ ਦਾ ਖਾਸ ਨਾਂ ਭਰੋ**) ਨਾਲ ਨਹੀਂ; (**ਸੰਪਰਕ ਕਰਨ ਦਾ ਖਾਸ ਉਦੇਸ਼ ਭਰੋ**) ਦੇ ਵਾਸਤੇ
- ਸ਼ਹਿਰ/ਮਿਊਂਸਪੈਲਿਟੀ (**ਸ਼ਹਿਰ/ਮਿਊਂਸਪੈਲਿਟੀ ਦਾ ਨਾਂ ਭਰੋ**) 'ਚ ਨਹੀਂ ਹੋਣਾ ਚਾਹੀਦਾ:
    - (**ਜ਼ਮਾਨਤ ਨਿਗਰਾਨ/ਪ੍ਰੋਬੇਸ਼ਨ ਅਫਸਰ/ਬਾਸ਼ਰਤ ਸਜ਼ਾ ਨਿਗਰਾਨ ਭਰੋ**) ਦੀ ਲਿਖਤੀ ਆਗਿਆ ਸਹਿਤ, ਜਾਂ
    - ਜਦੋਂ ਹਾਈਵੇਅ 'ਤੇ (**ਖਾਸ ਹਾਈਵੇਅ ਜਾਂ ਸੜਕ ਦੱਸੋ**) ਚੱਲ ਰਹੀ ਮੋਟਰ ਗੱਡੀ 'ਚ ਹੋ
    - ਮਿਥੀ ਗਈ ਅਦਾਲਤੀ ਪੇਸ਼ੀ ਲਈ ਸਿੱਦੇ ਜਾ ਰਹੇ ਹੋ ਜਾਂ ਮੁੜ ਰਹੇ ਹੋ ਜਾਂ ਪੇਸ਼ੀ 'ਚ ਹਾਜ਼ਰ ਹੋ, ਜਾਂ
    - (**ਅਦਾਲਤ ਵੱਲੋਂ ਮਨਜ਼ੂਰ ਹੋਰ ਖਾਸ ਉਦੇਸ਼ ਭਰੋ**)
- ਤੁਹਾਨੂੰ ਉਸ ਏਰੀਏ 'ਚ ਨਹੀਂ ਵੜ੍ਹਨਾ ਚਾਹੀਦਾ ਜਿਸਦੀਆਂ ਹੱਦਾਂ ਹਨ _________ ਉੱਤਰ ਵੱਲ ਨੂੰ________ ਦੱਖਣ ਵੱਲ ਨੂੰ__________ਪੱਛਮ ਵੱਲ ਨੂੰ_________ ਅਤੇ ਪੂਰਬ ਵੱਲ ਨੂੰ_______ਬ੍ਰਿਟਿਸ਼ ਕੁਲੰਬੀਆ 'ਚ ਹਨ, ਸਿਵਾਇ ਉਸ ਵਿਅਕਤੀ ਕੋਲੋਂ ਲਿਖਤੀ ਆਗਿਆ ਦੇ, ਜਿਹੜਾ ਇਸ ਹੁਕਮ ਦੀ ਨਿਗਰਾਨੀ ਕਰ ਰਿਹਾ ਹੈ। ਤੁਹਾਨੂੰ ਜ਼ੂਰਰੀ ਤੌਰ 'ਤੇ ਇਹ ਆਗਿਆ ਆਪਣੇ ਨਾਲ ਰੱਖਣੀ ਹੋਵੇਗੀ ਅਤੇ ਜਦੋਂ ਮੰਗੀ ਜਾਵੇ ਪੀਸ ਅਫਸਰ ਨੂੰ ਦਿਖਾਉਂਣੀ ਹੋਵੇਗੀ।

## 6. <u>ਪ੍ਰਗਟਾਅ ਸਬੰਧੀ ਸ਼ਰਤਾਂ</u>

ਇਸਨੂੰ ਕਮਿਊਨਿਟੀ ਨਿਗਰਾਨੀ ਲਈ ਸਜ਼ਾ ਦੇ ਹੁਕਮ 'ਚ ਸ਼ਾਮਲ ਕਰਨ ਲਈ ਵਿਚਾਰਿਆ ਜਾ ਸਕਦਾ ਹੈ ਜਦੋਂ ਅਪਰਾਧੀ ਨੇ ਘਰੇਲੂ ਹਿੰਸਾ ਦੇ ਅਪਰਾਧ ਬਾਰ ਬਾਰ ਕਰ ਵਿਖਾਏ ਹੋਣ।

- ਤੁਹਾਨੂੰ ਝਟਪਟ ਆਪਣੇ (**ਪ੍ਰੋਬੇਸ਼ਨ ਅਫਸਰ/ ਬਾਸ਼ਰਤ ਸਜ਼ਾ ਨਿਗਰਾਨ**) ਨੂੰ, ਕਿਸੇ ਵੀ ਵਿਅਕਤੀ ਨਾਲ ਆਪਣੇ ਰੋਮਾਂਟਿਕ/ਦਿਲੀ ਸਬੰਧਾਂ ਬਾਰੇ ਜਿਹੜੇ ਵਿਆਹ, ਕਾਮਨ-ਲਾਅ ਸਬੰਧ ਨਾਲ ਮਿਲਦੇ ਜੁਲਦੇ ਹੋਣ ਜਾਂ ਜਿੰਨ੍ਹਾਂ 'ਚ ਕਿਸੇ ਹੋਰ ਤਰ੍ਹਾਂ ਕਿਸੇ ਹੋਰ ਵਿਅਕਤੀਆਂ ਨਾਲ ਇਕੱਠਿਆਂ ਰਹਿਣਾ ਸ਼ਾਮਲ ਹੋਵੇ, ਬਾਰੇ ਦੱਸਣਾ ਚਾਹੀਦਾ ਹੈ, ਅਤੇ ਉਸ ਸਬੰਧ ਨੂੰ ਜਾਰੀ ਰੱਖਣ ਤੋਂ ਉਨਾਂ ਚਿਰ ਪ੍ਰਹੇਜ਼ ਕਰਨਾ ਚਾਹੀਦਾ ਜਿੰਨਾਂ ਚਿਰ ਤੱਕ ਉਸ ਵਿਅਕਤੀ ਨੂੰ (**ਪ੍ਰੋਬੇਸ਼ਨ ਅਫਸਰ/ ਬਾਸ਼ਰਤ ਸਜ਼ਾ ਨਿਗਰਾਨ**) ਦੁਆਰਾ ਤੁਹਾਡੇ ਮੁਜ਼ਰਮਾਨਾਂ ਪਿਛੋਕੜ ਬਾਰੇ ਦੱਸ ਨਹੀਂ ਦਿੱਤਾ ਜਾਂਦਾ।
- ਤੁਹਾਨੂੰ ਝਟਪਟ ਆਪਣੇ (**ਪ੍ਰੋਬੇਸ਼ਨ ਅਫਸਰ/ ਬਾਸ਼ਰਤ ਸਜ਼ਾ ਨਿਗਰਾਨ**) ਨੂੰ ਕਿਸੇ ਵੀ ਵਿਅਕਤੀ ਨਾਲ ਆਪਣੇ ਰੋਮਾਂਟਿਕ/ਦਿਲੀ ਸਬੰਧਾਂ ਬਾਰੇ, ਜਿਹੜੇ ਵਿਆਹ, ਕਾਮਨ-ਲਾਅ ਸਬੰਧਾਂ ਨਾਲ ਮਿਲਦੇ ਜੁਲਦੇ ਹੋਣ ਜਾਂ ਜਿੰਨ੍ਹਾਂ 'ਚ ਕਿਸੇ ਤਰ੍ਹਾਂ ਹੋਰ ਵਿਅਕਤੀ ਨਾਲ ਇਕੱਠਿਆਂ ਰਹਿਣਾ ਸ਼ਾਮਲ ਹੋਵੇ, ਬਾਰੇ ਦੱਸਣਾ ਹੋਵੇਗਾ, ਅਤੇ (**ਪ੍ਰੋਬੇਸ਼ਨ ਅਫਸਰ/ ਬਾਸ਼ਰਤ ਸਜ਼ਾ ਨਿਗਰਾਨ**) ਦੁਆਰਾ ਤੁਹਾਡੇ ਮੁਜ਼ਰਮਾਨਾਂ ਪਿਛੋਕੜ ਬਾਰੇ ਉਸ ਵਿਅਕਤੀ ਨੂੰ ਸੂਚਿਤ ਕੀਤੇ ਜਾਣ ਲਈ ਸਹਿਮਤੀ ਦੇਣੀ ਹੋਵੇਗੀ।

## 7. <u>ਨਸ਼ੇ ਅਤੇ ਸ਼ਰਾਬ ਸਬੰਧੀ ਸ਼ਰਤਾਂ</u>

ਸ਼ਰਾਬ ਦੀ ਦੁਰਵਰਤੋਂ ਘਰੇਲੂ ਹਿੰਸਾ ਲਈ ਇਕ ਉੱਘਾ ਖਤਰਾ ਕਾਰਕ ਹੈ, ਇਹ ਹਿੰਸਕ ਮੁਜ਼ਰਮਾਨਾਂ ਪ੍ਰਵਿਰਤੀ ਨਾਲ ਜੁੜਿਆ ਹੁੰਦਾ ਹੈ ਅਤੇ ਵਧੇਰੇ ਗੰਭੀਰ ਹਿੰਸਾ 'ਚ ਹਿੱਸਾ ਪਾ ਸਕਦਾ ਹੈ। ਜਦੋਂ ਨਸ਼ਾ ਅਤੇ ਸ਼ਰਾਬ ਮਨ੍ਹਾਂ ਕੀਤੇ ਅਪਰਾਧਾਂ 'ਚ ਇਕ ਕਾਰਕ ਬਣਦਾ ਜਾਪੇ ਜਾਂ ਜੇਕਰ ਅਪਰਾਧੀ ਦਾ ਨਸ਼ਾ ਅਤੇ ਸ਼ਰਾਬ ਦੀ ਵਰਤੋਂ ਵਾਲਾ ਪਿਛੋਕੜ ਹੋਵੇ ਉਦੋਂ ਸੰਕੋਚ ਦੀਆਂ ਸ਼ਰਤਾਂ ਲਾਉਂਣ ਤੇ ਵਿਚਾਰ ਕਰਨਾ ਚਾਹੀਦਾ ਹੈ।

- ਤੁਸੀਂ ਕੋਈ ਸ਼ਰਾਬ, ਕੋਈ ਡਾਕਟਰੀ ਨੁਸਖੇ ਤੋਂ ਬਗੈਰ ਮਿਲਣ ਵਾਲਾ ਨਸ਼ਾ ਜਾਂ ਕੋਈ ਡਾਕਟਰੀ ਨੁਸਖੇ ਵਾਲੀ ਡਰੱਗ ਜਿਹੜੀ ਤੁਹਾਡੇ ਲਈ ਕਿਸੇ ਲਾਇਸੈਂਸ-ਸ਼ੁਦਾ ਫਿਜ਼ੀਸ਼ੀਅਨ ਜਾਂ ਡੈਂਟਿਸਟ ਨੇ ਨਾ ਲਿਖੀ ਹੋਵੇ, ਉਹ ਨਾ ਰੱਖ ਸਕਦੇ ਹੋ, ਨਾ ਵਰਤ ਸਕਦੇ ਹੋ।

- ਤੁਸੀਂ ਕਿਸੇ ਉਸ ਲਾਇਸੈਂਸ-ਸ਼ੁਦਾ ਸਥਾਨ ‘ਤੇ ਨਹੀਂ ਜਾ ਸਕਦੇ ਹੋਵੋਗੇ ਜਿਹੜਾ ਮੂਲ ਤੌਰ ‘ਤੇ ਪੀਣ ਵਾਲੀਆਂ ਅਲਕੋਹਲਿਕ ਵਸਤਾਂ ਵੇਚਦਾ ਹੋਵੇ।

**8. <u>ਹਥਿਆਰਾਂ ਸਬੰਧੀ ਸ਼ਰਤਾਂ</u>**

*ਕ੍ਰਿਮੀਨਲ ਕੋਡ* ਦੇ ਸੈਕਸ਼ਨ 515(4.1) ਦੇ ਅਨੁਸਾਰ ਉਨ੍ਹਾਂ ਦੇ ਸਾਰੇ ਹੁਕਮਾਂ ‘ਚ ਹਥਿਆਰਾਂ ਦੀਆਂ ਪਾਬੰਦੀਆਂ ਨੂੰ ਸ਼ਾਮਲ ਕਰਨਾ ਚਾਹੀਦਾ ਹੈ ਜਿੱਥੇ ਹਿੰਸਾ ਦੀ ਵਰਤੋਂ ਹੋਈ, ਧਮਕੀ ਦਿੱਤੀ ਗਈ ਜਾਂ ਯਤਨ ਕੀਤਾ ਗਿਆ।

ਜਿਥੇ ਦੋਸ਼ੀ ਦੇ ਨਾਲ ਉਸਦੀ ਹਿਰਾਸਤ ਵਾਲੀ ਥਾਂ ਤੋਂ ਉਸ ਥਾਂ ਤੱਕ ਸਿੱਧੇ ਨਾਲ ਜਾਣ ਲਈ ਪੁਲਿਸ ਉਪਲਬਧ ਨਹੀਂ ਜਿੱਥੇ ਹਥਿਆਰ ਸਟੋਰ ਕੀਤੇ ਗਏ ਹੋਣ ਤਾਂ ਹੇਠਾਂ ਦੱਸੀ ਗਈ ਹਥਿਆਰ ਲੈ ਲੈਣ ਦੀ ਪਹਿਲੀ ਸ਼ਰਤ ਦੀ ਵਰਤੋਂ ਕਰਨੀ ਚਾਹੀਦੀ ਹੈ। ਜਿੱਥੇ ਦੋਸ਼ੀ ਦੇ ਨਾਲ ਉਸਦੀ ਹਿਰਾਸਤ ਵਾਲੀ ਥਾਂ ਤੋਂ ਉਸ ਥਾਂ ਤੱਕ ਸਿੱਧੇ ਨਾਲ ਜਾਣ ਲਈ ਪੁਲਿਸ ਦਾ ਬੰਦੋਬਸਤ ਹੋ ਸਕਦਾ ਹੋਵੇ ਜਿੱਥੇ ਕੋਈ ਹਥਿਆਰ ਸਟੋਰ ਕੀਤੇ ਗਏ ਹੋਣ ਤਾਂ ਲੈ ਲੈਣ ਦੀ ਦੂਸਰੀ ਸ਼ਰਤ ਦੀ ਵਰਤੋਂ ਕਰਨੀ ਚਾਹੀਦੀ ਹੈ।

ਕਿਸੇ ਵੀ ਸਥਿਤੀ ‘ਚ ਜਿੱਥੇ ਪੁਲਿਸ ਜਾਣਦੀ ਹੋਵੇ ਕਿ ਦੋਸ਼ੀ ਕੋਲ ਅਸਲਾ ਹੈ ਅਤੇ ਇਹ ਵਿਸ਼ਵਾਸ਼ ਕਰਨ ਦਾ ਵਾਜਬ ਆਧਾਰ ਹੋਵੇ ਕਿ ਦੋਸ਼ੀ ਕੋਲ ਅਸਲੇ ਦਾ ਹੋਣਾ ਉਸ ਵਿਅਕਤੀ ਜਾਂ ਕਿਸੇ ਵੀ ਹੋਰ ਵਿਅਕਤੀ ਦੀ ਸੁਰੱਖਿਆ ਦੇ ਹਿੱਤ ‘ਚ ਨਹੀਂ ਤਾਂ ਪੁਲਿਸ ਨੂੰ, ਜੇਕਰ ਸੰਭਵ ਹੋਵੇ, *ਕ੍ਰਿਮੀਨਲ ਕੋਡ* ਦੇ ਸੈਕਸ਼ਨ 117.04 ਦੇ ਤਹਿਤ ਅਸਲਾ ਜ਼ਬਤ ਕਰਨ ਲਈ ਝਟਪਟ ਕਦਮ ਚੁੱਕਣੇ ਚਾਹੀਦੇ ਹਨ।

- ਤੁਸੀਂ ਕੋਈ ਚਾਕੂ ਨਹੀਂ ਰੱਖ ਸਕਦੇ, ਸਿਵਾਏ:
  - ਭੋਜਨ ਦੀ ਝਟਪਟ ਤਿਆਰੀ ਲਈ ਅਤੇ ਖਾਣ ਲਈ;
  - ਤੁਹਾਡੀ ਨੌਕਰੀ ਨਾਲ ਸਿੱਧਾ ਅਤੇ ਝਟਪਟ ਸਬੰਧ ਰੱਖਣ ਵਾਲੇ ਕਿਸੇ ਮੰਤਵ ਲਈ; ਜਾਂ
  - ਲੱਕੜ-ਤਰਾਸ਼ੀ ਦੇ ਹੁਨਰ ਦੇ ਮੰਤਵ ਲਈ ਹੀ ਰੱਖੇ ਜਾਣ ਅਤੇ ਕੇਵਲ ਉਸ ਥਾਂ ‘ਤੇ ਹੀ ਰੱਖੇ ਜਾਣ, ਵਿਸ਼ੇਸ਼ ਕਰਕੇ **(ਸਥਾਨ ਅਤੇ ਪਤਾ ਦੱਸੋ)** ਜਿੱਥੇ ਇਸ ਹੁਨਰ ਦਾ ਕੰਮ ਕੀਤਾ ਜਾਂਦਾ ਹੈ।
- ਜਿਵੇਂ *ਕ੍ਰਿਮੀਨਲ ਕੋਡ* ਦੇ ਸੈਕਸ਼ਨ 2 ‘ਚ ਦੱਸਿਆ ਗਿਆ ਹੈ, ਤੁਸੀਂ ਕੋਈ ਹਥਿਆਰ ਨਹੀਂ ਰੱਖ ਸਕਦੇ।
- ਤੁਸੀਂ ਕੋਈ ਹਥਿਆਰ ਰੱਖ ਨਹੀਂ ਸਕਦੇ। ਉਸਦੇ ਮਾਲਕ ਨਹੀਂ ਹੋ ਸਕਦੇ ਜਾਂ ਚੁੱਕ ਨਹੀਂ ਸਕਦੇ, ਜਿੰਨ੍ਹਾਂ ‘ਚ ਸ਼ਾਮਲ ਹਨ, ਪਰ ਇਨ੍ਹਾਂ ਤੱਕ ਹੀ ਸੀਮਤ ਨਹੀਂ, ਕੋਈ ਅਸਲਾ, ਤੀਰਕਮਾਨ, ਵਰਜਿਤ ਹਥਿਆਰ, ਪਾਬੰਦੀਸ਼ੁਦਾ ਹਥਿਆਰ, ਵਰਜਿਤ ਸੰਦ, ਗੋਲਾ ਬਾਰੂਦ, ਵਰਜਿਤ ਗੋਲਾ ਬਾਰੂਦ, ਜਾਂ ਵਿਸਫੋਟਕ ਸਮੱਗਰੀ, ਜਾਂ ਕੋਈ ਨਕਲੀ ਹਥਿਆਰ ਜਾਂ ਨਕਲੀ ਅਸਲਾ, ਸਮੇਤ ਪੈਲਟ ਗੰਨ ਜਾਂ ਏਅਰ ਗੰਨ ਅਤੇ ਰੈਪਲਿਕਾ ਅਸਲਾ, ਅਤੇ ਕੋਈ ਸਬੰਧਿਤ ਅਧਿਕਾਰ ਪੱਤਰ, ਲਾਇਸੈਂਸ ਅਤੇ ਰਜਿਸਟਰੇਸ਼ਨ ਦਾ ਸਰਟੀਫਿਕੇਟ।
- ਜੇਕਰ ਤੁਸੀਂ ਕੋਈ ਵੀ ਉਹ ਚੀਜ਼ ਕੋਲ ਰੱਖਦੇ ਹੋ ਜਾਂ ਕੋਈ ਹੋਰ ਵਿਅਕਤੀ ਤੁਹਾਡੇ ਵੱਲੋਂ ਤੁਹਾਡੇ ਲਈ ਆਪਣੇ ਕੋਲ ਰੱਖਦਾ ਜਾਂ ਫੜਕੇ ਰੱਖਦਾ, ਜਿਸਨੂੰ ਰੱਖਣ ਦੀ ਇਹ ਹੁਕਮ ਤੁਹਾਨੂੰ ਮਨਾਹੀ ਕਰਦਾ ਹੈ, ਤੁਹਾਨੂੰ ਆਪਣੀ ਰਿਹਾਈ ਤੋਂ ਝਟਪਟ ਬਾਦ **(ਪੁਲਿਸ ਡਿਟੈਚਮੈਂਟ ਦੱਸੋ)** ਪੁਲਿਸ ਡਿਟੈਚਮੈਂਟ **(ਪਤਾ ਭਰੋ)** ‘ਚ ਹਾਜ਼ਰ ਹੋਣਾ ਹੋਵੇਗਾ ਅਤੇ ਇਸ ਹੁਕਮ ਦੀ ਇਕ ਕਾਪੀ ਪੇਸ਼ ਕਰਨੀ ਹੋਵੇਗੀ, ਉਸ ਡਿਟੈਚਮੈਂਟ ‘ਚੋਂ ਕਿਸੇ ਅਫਸਰ ਜਾਂ ਕਿਸੇ ਹੋਰ ਅਫਸਰ ਵਾਸਤੇ ਤੁਹਾਡੇ ਨਾਲ ਉਸ ਥਾਂ ‘ਤੇ ਜਾਣ ਲਈ ਜਿੱਥੇ ਇੰਨਾਂ ‘ਚੋਂ ਕੋਈ ਵੀ ਚੀਜ਼ ਰੱਖੀ ਗਈ ਹੋਵੇ। ਉਸ ਥਾਂ/ਥਾਵਾਂ ‘ਤੇ ਪਹੁੰਚਣ ਉਪਰੰਤ, ਤੁਸੀਂ ਜਿਵੇਂ ਪੁਲਿਸ ਦੱਸੇ ਉਸ ਤਰ੍ਹਾਂ ਕਰਨਾ ਹੋਵੇਗਾ ਜਿਸ ‘ਚ ਸ਼ਾਮਲ ਹੋ ਸਕਦਾ ਹੈ ਕਿ ਤੁਸੀਂ ਪੁਲਿਸ ਦੀ ਥਾਂ/ਥਾਵਾਂ ‘ਤੇ ਪਹੁੰਚ ਨੂੰ ਸਹਾਇਤਾ ਦਿਉ। ਅਜਿਹੀ ਪਹੁੰਚ ਕੇਵਲ ਤੁਹਾਡੇ ਵੱਲੋਂ ਉਹ ਚੀਜ਼ਾਂ ਸੁਪਰਦ ਕਰਨ ਦੇ ਮੰਤਵ ਲਈ ਹੋਵੇਗੀ, ਪੁਲਿਸ ਨੂੰ ਉਹ ਸਾਰੀਆਂ ਚੀਜ਼ਾਂ ਸੁਪਰਦ ਕਰ ਦਿਉ ਜਿਨ੍ਹਾਂ ਨੂੰ ਇਹ ਹੁਕਮ ਤੁਹਾਡੇ ਲਈ ਰੱਖਣ ਤੋਂ ਮਨ੍ਹਾਂ ਕਰਦਾ ਹੈ ਤੇ ਜਿਹੜੀਆਂ ਤੁਹਾਡੇ ਕੋਲ ਹਨ ਜਾਂ ਤੁਹਾਡੇ ਵਾਸਤੇ ਕਿਸੇ ਹੋਰ ਨੇ ਆਪਣੇ ਕੋਲ ਰੱਖੀਆਂ ਹਨ, ਸਮੇਤ ਕਿਸੇ ਵੀ ਪ੍ਰਕਾਰ ਦੇ ਅਧਿਕਾਰ ਪੱਤਰ, ਲਾਇਸੈਂਸ ਜਾਂ ਰਜਿਸਟਰੇਸ਼ਨ ਸਰਟੀਫਿਕੇਟ ਜੋ ਉਨ੍ਹਾਂ ਚੀਜ਼ਾਂ ਲਈ ਹੋਣ। ਇਸ ਸ਼ਰਤ ਦੇ ਅਨੁਸਾਰ ਚੀਜ਼ਾਂ ਪੁਲਿਸ ਨੂੰ ਸਪੁਰਦ ਕਰਨ ਦੇ ਮੰਤਵ ਤੋਂ ਬਿਨਾਂ, ਜ਼ਰੂਰੀ ਤੌਰ ‘ਤੇ ਤੁਸੀਂ ਦੱਸੀਆਂ ਗਈਆਂ ਚੀਜ਼ਾਂ ‘ਚੋਂ ਕਈ ਵੀ ਆਪਣੇ ਕੋਲ ਨਹੀਂ ਰੱਖੋਗੇ ਅਤੇ ਜ਼ਰੂਰੀ ਹੈ ਕਿ ਤੁਸੀਂ ਕਿਸੇ ਉਸ ਹਿਰਾਇਸ਼ ‘ਤੇ ਨਹੀਂ ਰਹੋਗੇ ਜਿੱਥੇ ਕੋਈ ਵੀ ਹੋਰ ਵਿਅਕਤੀ ਅਜਿਹੀ ਕੋਈ ਵੀ ਚੀਜ਼ ਰੱਖਦਾ ਜਾਂ ਸਟੋਰ ਕਰਦਾ ਹੈ।

- ਜੇਕਰ ਤੁਸੀਂ ਕੋਈ ਵੀ ਉਹ ਚੀਜ਼ ਕੋਲ ਰੱਖਦੇ ਹੋ, ਜਾਂ ਕੋਈ ਹੋਰ ਵਿਅਕਤੀ ਤੁਹਾਡੇ ਵੱਲੋਂ ਆਪਣੇ ਕੋਲ ਰੱਖਦਾ ਹੈ ਜਾਂ ਫੜਕੇ ਰੱਖਦਾ ਹੈ, ਜਿਸਨੂੰ ਰੱਖਣ ਦੀ ਇਹ ਹੁਕਮ ਤੁਹਾਨੂੰ ਮਨਾਹੀ ਕਰਦਾ ਹੈ, ਤਾਂ ਤੁਹਾਨੂੰ ਆਪਣੀ ਰਿਹਾਈ ਤੋਂ ਝਟਪਟ ਬਾਦ **(ਅਫਸਰ ਦਾ ਰੈਂਕ ਅਤੇ ਨਾਂ ਭਰੋ ਜਿਸਦਾ ਸਰਕਾਰ ਨੇ ਪਹਿਲਾਂ ਪ੍ਰਬੰਧ ਕੀਤਾ)** ਦੇ ਨਾਲ ਉਸ ਥਾਂ/ਥਾਵਾਂ 'ਤੇ ਜਾਣਾ ਹੋਵੇਗਾ ਜਿੱਥੇ ਉਹ ਚੀਜ਼ਾਂ, ਜਿੰਨ੍ਹਾਂ ਦੀ ਇਹ ਹੁਕਮ ਤੁਹਾਨੂੰ ਰੱਖਣ ਤੋਂ ਮਨਾਹੀ ਕਰਦਾ ਹੈ, ਰੱਖੀਆਂ ਗਈਆਂ ਹਨ। ਉਸ ਥਾਂ/ਥਾਵਾਂ 'ਤੇ ਪਹੁੰਚਣ ਉਪਰੰਤ ਤੁਸੀਂ ਜਿਵੇਂ ਪੁਲਿਸ ਦੱਸੇ ਉਸ ਤਰ੍ਹਾਂ ਕਰਨਾ ਹੋਵੇਗਾ, ਜਿਸ 'ਚ ਸ਼ਾਮਲ ਹੋ ਸਕਦਾ ਹੈ ਕਿ ਤੁਸੀਂ ਪੁਲਿਸ ਦੀ ਉਸ ਥਾਂ/ਥਾਵਾਂ 'ਤੇ ਪਹੁੰਚ ਨੂੰ ਸਹਾਇਤਾ ਦਿਉ। ਅਜਿਹੀ ਪਹੁੰਚ ਕੇਵਲ ਤੁਹਾਡੇ ਵੱਲੋਂ ਉਹ ਚੀਜ਼ਾਂ ਸਪੁਰਦ ਕਰਨ ਦੇ ਮੰਤਵ ਲਈ ਹੋਵੇਗੀ। ਪੁਲਿਸ ਨੂੰ ਉਹ ਸਾਰੀਆਂ ਚੀਜ਼ਾਂ ਸਪੁਰਦ ਕਰ ਦਿਉ, ਸਮੇਤ ਕਿਸੇ ਵੀ ਪ੍ਰਕਾਰ ਦੇ ਅਧਿਕਾਰ ਪੱਤਰ, ਲਾਇਸੈਂਸ ਜਾਂ ਰਜਿਸਟਰੇਸ਼ਨ ਸਰਟੀਫਿਕੇਟ ਜੋ ਉਨ੍ਹਾਂ ਚੀਜ਼ਾਂ ਲਈ ਹੋਣ। ਇਸ ਸ਼ਰਤ ਦੇ ਅਨੁਸਾਰ ਚੀਜ਼ਾਂ ਪੁਲਿਸ ਨੂੰ ਸਪੁਰਦ ਕਰਨ ਦੇ ਮੰਤਵ ਤੋਂ ਬਿਨਾਂ, ਜ਼ਰੂਰੀ ਤੌਰ 'ਤੇ ਤੁਸੀਂ ਦੱਸੀਆਂ ਗਈਆਂ ਚੀਜ਼ਾਂ 'ਚੋਂ ਕੋਈ ਵੀ ਆਪਣੇ ਕੋਲ ਨਹੀਂ ਰੱਖੋਗੇ ਅਤੇ ਜ਼ਰੂਰੀ ਤੌਰ 'ਤੇ ਤੁਸੀਂ ਕਿਸੇ ਉਸ ਰਿਹਾਇਸ਼ 'ਤੇ ਨਹੀਂ ਰਹੋਗੇ ਜਿੱਥੇ ਵੀ ਹੋਰ ਵਿਅਕਤੀ ਅਜਿਹੀ ਕੋਈ ਵੀ ਚੀਜ਼ ਰੱਖਦਾ ਜਾਂ ਸਟੋਰ ਕਰਦਾ ਹੈ।

## 9. ਸੰਪਰਕ ਨਾ ਕਰਨ ਸਬੰਧੀ ਸ਼ਰਤਾਂ/ਅਸਿੱਧੇ ਸੰਪਰਕ ਲਈ ਛੋਟਾਂ

ਉਨ੍ਹਾਂ ਵਿਅਕਤੀਆਂ ਦੇ ਸੰਖੇਪ ਨਾਂ ਵਿਸ਼ੇਸ਼ ਰੂਪ 'ਚ ਦੱਸ ਦਿਉ ਜਿੰਨ੍ਹਾਂ ਨੂੰ ਸੁਰੱਖਿਆ ਦੀ ਜ਼ਰੂਰਤ ਹੈ ਅਤੇ ਅਸਿੱਧੇ ਸੰਪਰਕ ਲਈ ਛੋਟਾਂ ਦੇਣ ਦਾ ਵਿਸ਼ੇਸ਼ ਮੰਤਵ ਵੀ ਦੱਸ ਦਿਉ ਜਿਹੜਾ ਉਨ੍ਹਾਂ ਹਾਲਾਤ 'ਚ ਢੁਕਵਾਂ ਸਮਝਿਆ ਜਾ ਸਕਦਾ ਹੋਵੇ।
ਜੇਕਰ ਸੰਭਵ ਹੋਵੇ, ਹੁਕਮਾਂ ਦਰਮਿਆਨ ਅਣਚਾਹੇ ਟਕਰਾਉ ਨੂੰ ਘੱਟ ਘੱਟ ਤੋਂ ਰੱਖਣ ਲਈ ਦੋਸ਼ੀ ਅਤੇ ਪੀੜਤ ਵਿਅਕਤੀ ਨੂੰ ਫੈਮਿਲੀ ਕੋਰਟ ਦੇ ਹੁਕਮਾਂ/ਅੱਡ ਹੋਣ ਦੇ ਲਿਖਤੀ ਸਮਝੌਤਿਆਂ ਦੀ ਮੌਜੂਦਗੀ ਲਈ ਪ੍ਰੇਰਨ ਦਾ ਯਤਨ ਕਰੋ।

ਜਿੱਥੇ ਦੀਵਾਨੀ ਅਤੇ ਫੌਜਦਾਰੀ ਹੁਕਮਾਂ ਦਰਮਿਆਨ ਟਕਰਾਉ ਮੌਜੂਦ ਹੋਵੇ (*ਮਿਸਾਲ ਵਜੋਂ ਫੈਮਿਲੀ ਰਿਲੇਸ਼ਨਜ਼ ਐਕਟ* ਦਾ ਹੁਕਮ ਜੋ ਬੱਚਿਆਂ ਤੱਕ ਵਾਜਬ ਪਹੁੰਚ ਦੀ ਆਗਿਆ ਦਿੰਦਾ ਹੋਵੇ ਅਤੇ ਜ਼ਮਾਨਤ ਦਾ ਹੁਕਮ ਜੋ ਸੰਪਰਕ ਨਾ ਕਰਨ ਦੀ ਸ਼ਰਤ ਅਨੁਸਾਰ ਪਤੀ/ਪਤਨੀ ਨਾਲ ਸਿੱਧਾ ਜਾਂ ਅਸਿੱਧਾ ਸੰਪਰਕ ਕਰਨ ਤੋਂ ਵਰਜਦਾ ਹੋਵੇ) ਤਾਂ ਵਧੇਰੇ ਮਨਾਹੀ ਵਾਲੀਆਂ ਫੌਜਦਾਰੀ ਹੁਕਮ ਦੀਆਂ ਸ਼ਰਤਾਂ ਲਾਗੂ ਕੀਤੀਆਂ ਜਾਂਦੀਆਂ ਹਨ।

- ਤੁਹਾਨੂੰ ਸਿੱਧੇ ਜਾਂ ਅਸਿੱਧੇ ਢੰਗ ਨਾਲ **(ਪੀੜਤ ਵਿਅਕਤੀ/ਵਿਅਕਤੀਆਂ, ਬੱਚਿਆਂ, ਪਰਿਵਾਰ, ਦੋਸਤਾਂ, ਕਾਰੋਬਾਰੀ ਸਹਿਯੋਗੀਆਂ ਅਤੇ ਹੋਰ ਜਿੰਨ੍ਹਾਂ ਨੂੰ ਸੁਰੱਖਿਆ ਚਾਹੀਦੀ ਹੈ, ਦੇ ਵਿਸ਼ੇਸ਼ ਨਾਂ ਭਰੋ)** ਨਾਲ ਸੰਪਰਕ ਜਾਂ ਸੰਚਾਰ ਨਹੀਂ ਕਰਨਾਂ ਹੋਵੇਗਾ।
- ਤੁਹਾਨੂੰ ਸਿੱਧੇ ਜਾਂ ਅਸਿੱਧੇ ਢੰਗ ਨਾਲ **(ਪੀੜਤ ਵਿਅਕਤੀ/ਵਿਅਕਤੀਆਂ, ਬੱਚਿਆਂ, ਪਰਿਵਾਰ, ਦੋਸਤਾਂ, ਕਾਰੋਬਾਰੀ ਸਹਿਯੋਗੀਆਂ ਅਤੇ ਹੋਰ ਜਿੰਨ੍ਹਾਂ ਨੂੰ ਸੁਰੱਖਿਆ ਚਾਹੀਦੀ ਹੈ, ਦੇ ਵਿਸ਼ੇਸ਼ ਨਾਂ ਭਰੋ)** ਨਾਲ ਸੰਪਰਕ ਜਾਂ ਸੰਚਾਰ ਨਹੀਂ ਕਰਨਾਂ ਹੋਵੇਗਾ, ਸਿਵਾਏ:
  - ਕਾਨੂੰਨੀ ਵਕੀਲਾਂ ਦੇ ਰਾਹੀਂ, ਜਾਂ ਫੈਮਿਲੀ ਜਸਟਿਸ ਕਾਉਂਸਲਰ ਦੇ ਰਾਹੀਂ (**ਹਾਲਾਤ 'ਤੇ ਨਿਰਭਰ ਕਰਦਿਆਂ ਹੇਠ ਲਿਖਿਆਂ 'ਚੋਂ ਇਕ ਜਾਂ ਕੋਈ ਜੁੱਟ ਚੁਣੋ**) ਦੇ ਮੰਤਵ ਵਾਸਤੇ:
    - ਫੈਮਿਲੀ ਕੋਰਟ ਦੇ ਹੁਕਮ ਜਾਂ ਅੱਡ ਹੋਣ ਦੇ ਲਿਖਤੀ ਸਮਝੌਤੇ ਦੇ ਅਨੁਸਾਰ ਆਪਣੇ ਬੱਚਿਆਂ ਤੱਕ ਪਹੁੰਚ ਦਾ ਪ੍ਰਬੰਧ ਕਰਨਾ, ਸੁਵਿਧਾ ਕਰਨੀ ਅਤੇ ਪ੍ਰਯੋਗ ਕਰਨਾ;
    - ਨਿਰਬਾਹ, ਜ਼ਾਇਦਾਦ, ਕਸਟਡੀ ਅਤੇ ਪਹੁੰਚ ਦੇ ਮਾਮਲਿਆਂ ਨੂੰ ਸੁਲਝਾਉਂਣ; ਜਾਂ
    - ਇਸ ਹੁਕਮ ਦੀ ਮੌਜੂਦਗੀ ਦੌਰਾਨ/ਜਿੰਨਾਂ ਚਿਰ ਚਾਰਜ ਸੁਲਝਾਏ ਨਹੀਂ ਜਾਂਦੇ, ਘਰੇਲੂ ਮਾਮਲਿਆਂ, ਸਮੇਤ ਵਿੱਤੀ ਅਤੇ ਬੱਚਿਆਂ ਦੀ ਸਾਂਭ-ਸੰਭਾਲ, ਦਾ ਬੰਦੋਬਸਤ ਕਰਨਾਂ।

## ਰਿਮਾਂਡ/ਨਜ਼ਰਬੰਦੀ/ਗ੍ਰਿਫਤਾਰੀ ਦੇ ਵਰੰਟਾਂ 'ਚ ਸ਼ਾਮਲ ਕਰਨ ਲਈ ਸਿਫਾਰਸ਼ ਸ਼ਰਤਾਂ

*ਕ੍ਰਿਮੀਨਲ ਕੋਡ* ਸੰਚਾਰ ਦੀਆਂ ਪਾਬੰਦੀਆਂ ਦੀ ਵਿਵਸਥਾ ਕਰਦਾ ਹੈ ਜਦੋਂ ਕੋਈ ਦੋਸ਼ੀ/ਅਪਰਾਧੀ ਮੁਕੱਦਮੇ ਤੋਂ ਪਹਿਲਾਂ ਜਾਂ ਸਜ਼ਾ ਤੋਂ ਬਾਦ ਹਿਰਾਸਤ 'ਚ ਹੁੰਦਾ ਹੈ। ਹੇਠ ਲਿਖੇ ਤਿੰਨ ਸੈਕਸ਼ਨਾਂ ਦੇ ਤਹਿਤ ਹੁਕਮ ਪੀੜਤ ਵਿਅਕਤੀ ਜਾਂ ਹੋਰ ਸੁਰੱਖਿਆ ਅਧੀਨ

ਧਿਰਾਂ ਨਾਲ ਸੰਪਰਕ ਕਰਨ ਤੋਂ ਵਰਜਣ ਦੀ ਕੁਰੈਕਸ਼ਨਜ਼ ਅਫਸਰਾਂ ਦੀ ਯੋਗਤਾ ਨੂੰ ਵੱਡੇ ਤੌਰ 'ਤੇ ਵਧਾ ਦਿੰਦੇ ਹਨ। ਪੀੜਤ ਵਿਅਕਤੀ ਅਤੇ ਹੋਰਨਾਂ ਨੂੰ ਪਰੇਸ਼ਾਨੀ, ਡਰਾਵਿਆਂ ਅਤੇ ਧਮਕੀਆਂ ਤੋਂ ਸੁਰੱਖਿਅਤ ਰੱਖਣਾ ਅਤੇ ਮੁਕੱਦਮੇ ਲਈ ਗਵਾਹੀ ਦੀ ਦਿਆਨਤਾਰੀ ਨੂੰ ਸੁਰੱਖਿਅਤ ਰੱਖਣਾ ਦੋਸ਼ੀ/ਅਪਰਾਧੀ ਦੀ ਜੇਲ੍ਹ 'ਚ ਹੁੰਦਿਆਂ ਪੀੜਤ ਵਿਅਕਤੀ ਅਤੇ ਹੋਰ ਗਵਾਹਾਂ ਤੱਕ ਪਹੁੰਚ ਦੀ ਮਨਾਹੀ 'ਤੇ ਨਿਰਭਰ ਕਰ ਸਕਦਾ ਹੈ, ਖਾਸ ਤੌਰ 'ਤੇ ਉਦੋਂ ਜਦੋਂ ਪੀੜਤ ਵਿਅਕਤੀ ਅਤੇ ਹੋਰ ਗਵਾਹਾਂ ਨੂੰ ਪ੍ਰਭਾਵਿਤ ਕਰ ਸਕਣ ਦਾ ਮੰਤਵ ਤਕੜਾ ਜਾਪਦਾ ਹੋਵੇ।

**ਆਮ ਸਿਧਾਂਤ:**

- ਜਦੋਂ ਦੋਸ਼ੀਂ ਦਾ ਰਿਮਾਂਡ ਲਿਆ ਹੋਵੇ ਜਾਂ ਉਹ ਕਥਿਤ ਦੋਸ਼ਾਂ ਲਈ ਹਿਰਾਸਤ 'ਚ ਹੋਵੇ ਅਤੇ ਸੰਪਰਕ ਨੂੰ ਸੁਰੱਖਿਆ ਅਧੀਨ ਧਿਰ ਨੂੰ ਧਮਕੀ ਦੇਣ ਜਾਂ ਡਰਾਉਂਣ ਲਈ ਵਰਤਿਆ ਜਾ ਸਕਦਾ ਹੋਵੇ, ਉਦੋਂ ਅਸਿੱਧੇ ਸੰਪਰਕ ਲਈ ਛੋਟਾਂ ਦੇਣ ਨੂੰ ਧਿਆਨ ਨਾਲ ਵਿਚਾਰਨਾ ਚਾਹੀਦਾ ਹੈ।
- ਕੋਈ ਵੀ ਛੋਟ ਕਿਸੇ ਖਾਸ ਮੰਤਵ ਤੱਕ ਹੀ ਸੀਮਤ ਹੋਣੀ ਚਾਹੀਦੀ ਹੈ ਜਿਹੜੀ ਅਦਾਲਤ ਦੁਆਰਾ ਖਾਸ ਤੌਰ 'ਤੇ ਖਤਰੇ ਦੇ ਕਾਰਨਾਂ ਅਤੇ ਅਸਿੱਧੇ ਸੰਪਰਕ ਲਈ ਦਿੱਤੇ ਗਏ ਖਾਸ ਕਾਰਨਾਂ ਦੇ ਵਿਸ਼ਲੇਸ਼ਣ ਉਪਰੰਤ ਢੁਕਵੇਂ ਹਾਲਾਤ 'ਚ ਦਿੱਤੀ ਜਾਣੀ ਚਾਹੀਦੀ ਹੈ। ਜਦੋਂ ਕਿ ਨਜ਼ਰਬੰਦੀ ਅਤੇ ਸਜ਼ਾ ਦੇ ਹੁਕਮ ਲੰਮੇ ਸਮੇਂ ਤੱਕ ਲਾਗੂ ਰਹਿੰਦੇ ਹੋ ਸਕਦੇ ਹਨ, ਸੁਰੱਖਿਆ ਅਧੀਨ ਧਿਰ ਨਾਲ ਵਿਸ਼ੇਸ਼ ਮੰਤਵਾਂ ਲਈ ਅਸਿੱਧੇ ਸੰਪਰਕ ਨੂੰ ਵਿਚਾਰਿਆ ਜਾ ਸਕਦਾ ਹੈ।
- ਹੁਕਮ ਦੀ ਪਾਲਣਾ ਨਾ ਕਰਨ 'ਤੇ ਉਸ ਨੂੰ ਲਾਗੂ ਕਰਨਾਂ ਬੜਾ ਸੁਖਾਲਾ ਹੋ ਜਾਂਦਾ ਹੈ ਜਦੋਂ ਸੰਪਰਕ ਦੀਆਂ ਮਨਾਹੀਆਂ ਅਤੇ ਛੋਟਾਂ ਅਦਾਲਤ ਦੁਆਰਾ ਸਪੱਸ਼ਟ ਰੂਪ 'ਚ ਦਿੱਤੀਆਂ ਗਈਆਂ ਹੋਣ।

**1. <u>ਸੈਕਸ਼ਨ 516(2)–ਉਦੋਂ ਲਾਗੂ ਹੁੰਦਾ ਹੈ ਜਦੋਂ ਜ਼ਮਾਨਤ ਦੀ ਸੁਣਵਾਈ ਲਟਕਣ 'ਤੇ ਦੋਸ਼ੀ ਦਾ ਰਿਮਾਂਡ ਲਿਆ ਹੋਵੇ</u>**

- ਅਮਲ ਦਰਾਮਦੀ ਧਾਰਾ 145(3) ਦੇ ਤਹਿਤ ਸ਼ੁਰੂ ਕੀਤੀ ਜਾਂਦੀ ਹੈ
- ਭਾਵੇਂ ਸੁਝਾਈਆਂ ਗਈਆਂ ਸ਼ਰਤਾਂ 'ਚ ਦੱਸਿਆ ਗਿਆ ਹੁੰਦਾ ਹੈ ਕਿ ਉਹ ਅਦਾਲਤ ਦੇ ਅਗਲੇ ਹੁਕਮ ਤੱਕ ਲਾਗੂ ਹਨ, ਇਹ ਯਕੀਨੀ ਬਣਾਉਂਣ ਲਈ ਕਿ ਸੰਪਰਕ ਨਾ ਕਰਨ ਦੇ ਹੁਕਮ ਉਨਾਂ ਚਿਰ ਲਾਗੂ ਰਹਿੰਦੇ ਹਨ ਜਿੰਨਾਂ ਚਿਰ ਅਦਾਲਤੀ ਅੰਤਰਿਮ ਰਿਹਾਈ ਦੀ ਸੁਣਵਾਈ ਨਹੀਂ ਹੋ ਜਾਂਦੀ ਅਤੇ ਉਸ ਸੁਣਵਾਈ ਤੋਂ ਨਿਕਲੇ ਨਤੀਜੇ ਦਾ ਹੁਕਮ ਜਾਰੀ ਨਹੀਂ ਹੋ ਜਾਂਦਾ, ਸਰਕਾਰ ਨੂੰ ਹਰ ਇਕ ਰਿਮਾਂਡ 'ਤੇ ਸੈਕਸ਼ਨ 516(2) ਹੁਕਮ ਲਈ ਜ਼ਰੂਰੀ ਤੌਰ 'ਤੇ ਮੁੜ ਤੋਂ ਅਰਜ਼ੀ ਦੇਣੀ ਹੋਵੇਗੀ।
  - ਤੁਹਾਨੂੰ ਸਿੱਧੇ ਜਾਂ ਅਸਿੱਧੇ ਢੰਗ ਨਾਲ (**ਪੀੜਤ ਵਿਅਕਤੀ/ਵਿਅਕਤੀਆਂ, ਬੱਚਿਆਂ, ਪਰਿਵਾਰ, ਦੋਸਤਾਂ, ਕਾਰੋਬਾਰੀ ਸਹਿਯੋਗੀਆਂ ਅਤੇ ਹੋਰ ਜਿੰਨ੍ਹਾਂ ਨੂੰ ਸੁਰੱਖਿਆ ਚਾਹੀਦੀ ਹੈ, ਦੇ ਵਿਸ਼ੇਸ਼ ਨਾਂ ਭਰੋ**) ਨਾਲ ਅਦਾਲਤ ਦੇ ਅਗਲੇ ਹੁਕਮ ਤੱਕ ਸੰਪਰਕ ਜਾਂ ਸੰਚਾਰ ਨਹੀਂ ਕਰਨਾ ਚਾਹੀਦਾ:
  - ਤੁਹਾਨੂੰ ਸਿੱਧੇ ਜਾਂ ਅਸਿੱਧੇ ਢੰਗ ਨਾਲ (**ਪੀੜਤ ਵਿਅਕਤੀ/ਵਿਅਕਤੀਆਂ, ਬੱਚਿਆਂ, ਪਰਿਵਾਰ, ਦੋਸਤਾਂ, ਕਾਰੋਬਾਰੀ ਸਹਿਯੋਗੀਆਂ ਅਤੇ ਹੋਰ ਜਿੰਨ੍ਹਾਂ ਨੂੰ ਸੁਰੱਖਿਆ ਚਾਹੀਦੀ ਹੈ, ਦੇ ਵਿਸ਼ੇਸ਼ ਨਾਂ ਭਰੋ**) ਨਾਲ ਅਦਾਲਤ ਦੇ ਅਗਲੇ ਹੁਕਮ ਤੱਕ ਸੰਪਰਕ ਜਾਂ ਸੰਚਾਰ ਨਹੀਂ ਕਰਨਾ ਚਾਹੀਦਾ, ਸਿਵਾਇ:
    - ਕਾਨੂੰਨੀ ਵਕੀਲ ਦੇ ਰਾਹੀਂ ਜਾਂ ਫੈਮਿਲੀ ਜਸਟਿਸ ਕਾਉਂਸਲਰ ਦੇ ਰਾਹੀਂ (**ਹਾਲਾਤ ਤੇ ਨਿਰਭਰ ਕਰਦਿਆਂ ਹੇਠ ਲਿਖਿਆਂ 'ਚੋਂ ਇਕ ਜਾਂ ਕੋਈ ਜੁੱਟ ਚੋਣੋ**) ਦੇ ਮੰਤਵ ਵਾਸਤੇ:
    - ਫੈਮਿਲੀ ਕੋਰਟ ਦੇ ਹੁਕਮ ਜਾਂ ਅੱਡ ਹੋਣ ਦੇ ਲਿਖਤੀ ਸਮਝੌਤੇ ਦੇ ਅਨੁਸਾਰ ਆਪਣੇ ਬੱਚਿਆਂ ਤੱਕ ਪਹੁੰਚ ਦਾ ਪ੍ਰਬੰਧ ਕਰਨਾ, ਸੁਵਿਧਾ ਕਰਨਾ ਅਤੇ ਪ੍ਰਯੋਗ ਕਰਨਾ;
    - ਨਿਰਬਾਹ, ਜ਼ਾਇਦਾਦ, ਕਸਟਡੀ ਅਤੇ ਪਹੁੰਚ ਦੇ ਮਾਮਲਿਆਂ ਨੂੰ ਸੁਲਝਾਉਣਾ; ਜਾਂ
    - ਇਸ ਹੁਕਮ ਦੀ ਮੌਜੂਦਗੀ ਦੌਰਾਨ/ਜਿੰਨਾਂ ਚਿਰ ਚਾਰਜ ਸੁਲਝਾਏ ਜਾਂਦੇ, ਘਰੇਲੂ ਮਾਮਲਿਆਂ, ਸਮੇਤ ਵਿੱਤ ਤੇ ਬੱਚਿਆਂ ਦੀ ਸਾਂਭ-ਸੰਭਾਲ, ਦਾ ਬੰਦੋਬਸਤ ਕਰਨਾ।

**2. <u>ਸੈਕਸ਼ਨ 515(12)–ਉਦੋਂ ਲਾਗੂ ਹੁੰਦਾ ਹੈ ਜਦੋਂ ਦੋਸ਼ੀ ਜ਼ਮਾਨਤ ਦੀ ਸੁਣਵਾਈ ਤੋਂ ਬਾਦ ਨਜ਼ਰਬੰਦ ਹੁੰਦਾ ਹੈ</u>**

ਅਮਲ ਦਰਾਮਦੀ ਧਾਰਾ 145(3) ਦੇ ਤਹਿਤ ਸ਼ੁਰੂ ਕੀਤੀ ਜਾਂਦੀ ਹੈ

- ਤੁਹਾਨੂੰ ਸਿੱਧੇ ਜਾਂ ਅਸਿੱਧੇ ਢੰਗ ਨਾਲ **(ਪੀੜਤ ਵਿਅਕਤੀ/ਵਿਅਕਤੀਆਂ, ਬੱਚਿਆਂ, ਪਰਿਵਾਰ, ਦੋਸਤਾਂ, ਕਾਰੋਬਾਰੀ ਸਹਿਯੋਗੀਆਂ ਅਤੇ ਹੋਰ ਜਿੰਨ੍ਹਾਂ ਨੂੰ ਸੁਰੱਖਿਆ ਚਾਹੀਦੀ ਹੈ, ਦੇ ਵਿਸ਼ੇਸ਼ ਨਾਂ ਭਰੋ)** ਨਾਲ ਸੰਪਰਕ ਜਾਂ ਸੰਚਾਰ ਨਹੀਂ ਕਰਨਾ ਚਾਹੀਦਾ।
- ਤੁਹਾਨੂੰ ਸਿੱਧੇ ਜਾਂ ਅਸਿੱਧੇ ਢੰਗ ਨਾਲ **(ਪੀੜਤ ਵਿਅਕਤੀ/ਵਿਅਕਤੀਆਂ, ਬੱਚਿਆਂ, ਪਰਿਵਾਰ, ਦੋਸਤਾਂ, ਕਾਰੋਬਾਰੀ ਸਹਿਯੋਗੀਆਂ ਅਤੇ ਹੋਰ ਜਿੰਨ੍ਹਾਂ ਨੂੰ ਸੁਰੱਖਿਆ ਚਾਹੀਦੀ ਹੈ, ਦੇ ਵਿਸ਼ੇਸ਼ ਨਾਂ ਭਰੋ)** ਨਾਲ ਸੰਪਰਕ ਜਾਂ ਸੰਚਾਰ ਨਹੀਂ ਕਰਨਾ ਚਾਹੀਦਾ ਹੈ, ਸਿਵਾਇ:
  - ਕਾਨੂੰਨੀ ਵਕੀਲ ਦੇ ਰਾਹੀਂ ਜਾਂ ਫੈਮਿਲੀ ਜਸਟਿਸ ਕਾਊਂਸਲਰ ਦੇ ਰਾਹੀਂ **(ਹਾਲਾਤ 'ਤੇ ਨਿਰਭਰ ਕਰਦਿਆਂ ਹੇਠ ਲਿਖਿਆਂ 'ਚੋਂ ਇਕ ਜਾਂ ਕੋਈ ਜੁੱਟ ਚੁਣੋ)** ਦੇ ਮੰਤਵ ਵਾਸਤੇ:
  - ਫੈਮਿਲੀ ਕੋਰਟ ਦੇ ਹੁਕਮ ਜਾਂ ਅੱਡ ਹੋਣ ਦੇ ਲਿਖਤੀ ਸਮਝੌਤੇ ਦੇ ਅਨੁਸਾਰ ਆਪਣੇ ਬੱਚਿਆਂ ਤੱਕ ਪਹੁੰਚ ਦਾ ਪ੍ਰਬੰਧ ਕਰਨਾ, ਸੁਵਿਧਾ ਕਰਨਾ ਅਤੇ ਪ੍ਰਯੋਗ ਕਰਨਾ;
  - ਨਿਰਬਾਹ, ਜ਼ਾਇਦਾਦ, ਕਸਟਡੀ ਅਤੇ ਪਹੁੰਚ ਦੇ ਮਾਮਲਿਆਂ ਨੂੰ ਸੁਲਝਾਉਣਾ; ਜਾਂ
  - ਇਸ ਹੁਕਮ ਦੀ ਮੌਜੂਦਗੀ ਦੌਰਾਨ/ਜਿੰਨਾਂ ਚਿਰ ਚਾਰਜ ਸੁਲਝਾਏ ਨਹੀਂ ਜਾਂਦੇ, ਘਰੇਲੂ ਮਾਮਲਿਆਂ, ਸਮੇਤ ਵਿੱਤ ਤੇ ਬੱਚਿਆਂ ਦੀ ਸਾਂਭ-ਸੰਭਾਲ, ਦਾ ਬੰਦੋਬਸਤ ਕਰਨਾ।

## 3. <u>ਸੈਕਸ਼ਨ 743.21(1)–ਉਦੋਂ ਲਾਗੂ ਹੁੰਦਾ ਹੈ ਜਦੋਂ ਦੋਸ਼ੀ ਨਜ਼ਰਬੰਦੀ ਦੀ ਸਜ਼ਾ ਭੁਗਤ ਰਿਹਾ ਹੈ</u>

ਅਮਲ ਦਰਾਮਦੀ ਸੈਕਸ਼ਨ 743.21 ਦੇ ਤਹਿਤ ਸ਼ੁਰੂ ਕੀਤੀ ਜਾਂਦੀ ਹੈ

- ਤੁਹਾਨੂੰ ਸਿੱਧੇ ਜਾਂ ਅਸਿੱਧੇ ਢੰਗ ਨਾਲ **(ਪੀੜਤ ਵਿਅਕਤੀ/ਵਿਅਕਤੀਆਂ, ਬੱਚਿਆਂ, ਪਰਿਵਾਰ, ਦੋਸਤਾਂ, ਕਾਰੋਬਾਰੀ ਸਹਿਯੋਗੀਆਂ ਅਤੇ ਹੋਰ ਜਿੰਨ੍ਹਾਂ ਨੂੰ ਸੁਰੱਖਿਆ ਚਾਹੀਦੀ ਹੈ, ਦੇ ਵਿਸ਼ੇਸ਼ ਨਾਂ ਭਰੋ)** ਨਾਲ ਸੰਪਰਕ ਜਾਂ ਸੰਚਾਰ ਨਹੀਂ ਕਰਨਾ ਚਾਹੀਦਾ।
- ਤੁਹਾਨੂੰ ਸਿੱਧੇ ਜਾਂ ਅਸਿੱਧੇ ਢੰਗ ਨਾਲ **(ਪੀੜਤ ਵਿਅਕਤੀ/ਵਿਅਕਤੀਆਂ, ਬੱਚਿਆਂ, ਪਰਿਵਾਰ, ਦੋਸਤਾਂ, ਕਾਰੋਬਾਰੀ ਸਹਿਯੋਗੀਆਂ ਅਤੇ ਹੋਰ ਜਿੰਨ੍ਹਾਂ ਨੂੰ ਸੁਰੱਖਿਆ ਚਾਹੀਦੀ ਹੈ, ਦੇ ਵਿਸ਼ੇਸ਼ ਨਾਂ ਭਰੋ)** ਨਾਲ ਸੰਪਰਕ ਜਾਂ ਸੰਚਾਰ ਨਹੀਂ ਕਰਨਾ ਚਾਹੀਦਾ ਹੈ, ਸਿਵਾਇ:

- ਕਾਨੂੰਨੀ ਵਕੀਲ ਦੇ ਰਾਹੀਂ ਜਾਂ ਫੈਮਿਲੀ ਜਸਟਿਸ ਕਾਊਂਸਲਰ ਦੇ ਰਾਹੀਂ **(ਹਾਲਾਤ 'ਤੇ ਨਿਰਭਰ ਕਰਦਿਆਂ ਹੇਠ ਲਿਖਿਆਂ 'ਚੋਂ ਇਕ ਜਾਂ ਕੋਈ ਜੁੱਟ ਚੁਣੋ)** ਦੇ ਮੰਤਵ ਵਾਸਤੇ:
  - ਫੈਮਿਲੀ ਕੋਰਟ ਦੇ ਹੁਕਮ ਜਾਂ ਅੱਡ ਹੋਣ ਦੇ ਲਿਖਤੀ ਸਮਝੌਤੇ ਦੇ ਅਨੁਸਾਰ ਆਪਣੇ ਬੱਚਿਆਂ ਤੱਕ ਪਹੁੰਚ ਦਾ ਪ੍ਰਬੰਧ ਕਰਨਾ, ਸੁਵਿਧਾ ਕਰਨਾ ਅਤੇ ਪ੍ਰਯੋਗ ਕਰਨਾ;
  - ਨਿਰਬਾਹ, ਜ਼ਾਇਦਾਦ, ਕਸਟਡੀ ਅਤੇ ਪਹੁੰਚ ਦੇ ਮਾਮਲਿਆਂ ਨੂੰ ਸੁਲਝਾਉਣਾ; ਜਾਂ
  - ਇਸ ਹੁਕਮ ਦੀ ਮੌਜੂਦਗੀ ਦੌਰਾਨ/ਜਿੰਨਾਂ ਚਿਰ ਚਾਰਜ ਸੁਲਝਾਏ ਨਹੀਂ ਜਾਂਦੇ, ਘਰੇਲੂ ਮਾਮਲਿਆਂ, ਸਮੇਤ ਵਿੱਤ ਤੇ ਬੱਚਿਆਂ ਦੀ ਸਾਂਭ-ਸੰਭਾਲ, ਦਾ ਬੰਦੋਬਸਤ ਕਰਨਾ।

# ਅੰਤਿਕਾ ਸੀ

*ਚਾਈਲਡ, ਫੈਮਿਲੀ ਐਂਡ ਕਮਿਊਨਿਟੀ ਸਰਵਿਸਿਜ਼ ਐਕਟ* ਦੇ ਸੈਕਸ਼ਨ 14 ਦੇ ਅਨੁਸਾਰ ਸਰਕਾਰੀ ਵਕੀਲ ਵੱਲੋਂ ਵਰਤੇ ਜਾਂਦੇ ਰਿਪੋਰਟ ਫਾਰਮ ਦੀ ਉਦਾਹਰਨ:

**Date:** **File #:**

☐ **Jutland**
Team Leaders: Fax #: 250-952-6060

☐ **Youth Protection**
Team Leader: Fax #: 250-953-3710

☐ **Aboriginal Protection**
Team Leader: Fax #: 250-952-4102

☐ **Peninsula**
Team Leader: Fax #: 250-544-3315

☐ **Westshore**
Team Leader: Fax #: 250-391-2222

☐ **Sooke**
Team Leader: Fax #: 250-642-7751

**TO: Community Services Manager** **PH: (250) 952-4707**
**FAX: (250) 952-5041**

**RE: CHILD FAMILY AND COMMUNITY SERVICE ACT, R.S.B.C., 1996, C. 46**

**PURSUANT TO** s. 14, ss. 13, 14, as a result of a Report to Crown Counsel from

____________________Police Department, file #________________________________,

received ______________, 2005__, alleging that *(accused name*) _____________________

(date of birth) ________________may have committed a Criminal offence under Section(s)

____________________of the *Criminal Code.*

**(See Attachments of RTCC, Witness Statements and Criminal Record)**

**CROWN HAS REASON TO BELIEVE** that a child or children to wit:

| | |
|---|---|
| ____________________ (Name) | ____________________ (Date of Birth) |
| ____________________ (Name) | ____________________ (Date of Birth) |
| ____________________ (Name) | ____________________ (Date of Birth) |

may need protection under s. 13(1) as being: ☐ in the residence; ☐ victims; by reason of:

☐ if the child has been, or is likely to be, **physically harmed** by the child's **parent;**

☐ if the child has been, or is likely to be, **sexually abused** or exploited by the child's **parent**;

☐ if the child has been, or is likely to be, **physically harmed**, **sexually** abused or sexually exploited by **another person** and if the child's parent is unwilling or unable to protect the child;

☐ if the child has been, or is likely to be, physically harmed because of **neglect** by the child's parent;

☐ other

**THE RESIDENCE IS LOCATED** at

______________________________________________________________.

Further Comments:

______________________________________________________________

______________________________________________________________

______________________________________________________________

______________________________________________________________

______________________________________________________________

______________________________________________________________

**Date:** ____________________

______________________________________
**Crown Counsel** **(Please Print)**

______________________________________
**Telephone #:**